# ਸੰਵਾਦ

ISSN : 2395-1273
www.sanvad.org

21 ਵਾਂ ਅੰਕ
ਜਨਵਰੀ-ਜੂਨ 2025



Refugee Women (S.L. Prashar) Partition Museum

ESTD. 1892

ਪੰਜਾਬੀ ਅਧਿਐਨ ਵਿਭਾਗ
ਖ਼ਾਲਸਾ ਕਾਲਜ ਅੰਮ੍ਰਿਤਸਰ

ਛਿਮਾਹੀ ਖੋਜ ਰਸਾਲਾ
ਜਨਵਰੀ-ਜੂਨ 2025
ਅੰਕ-21ਵਾਂ

ISSN : 2395-1273

# ਸੰਵਾਦ

## ਪੰਜਾਬੀ ਰੈਫ਼ਰੀਡ ਰਿਸਰਚ ਜਰਨਲ

*A Peer Reviewed Punjabi Research Journal*

ਯੂ.ਜੀ.ਸੀ. ਦੀ 'ਅਕਾਦਮਿਕ ਅਤੇ ਖੋਜ ਨੈਤਿਕਤਾ ਸੰਸਥਾ' ਵੱਲੋਂ ਪ੍ਰਵਾਨਿਤ

**ਸਰਪ੍ਰਸਤ**
ਡਾ. ਅਰਵਿੰਦਰ ਕੌਰ ਕਾਹਲੋਂ
ਪ੍ਰਿੰਸੀਪਲ (ਕਾਰਜਕਾਰੀ)
ਖ਼ਾਲਸਾ ਕਾਲਜ ਅੰਮ੍ਰਿਤਸਰ

**ਮੁੱਖ ਸੰਪਾਦਕ**
ਡਾ. ਆਤਮ ਸਿੰਘ ਰੰਧਾਵਾ



ESTD. 1892
ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ
**ਖ਼ਾਲਸਾ ਕਾਲਜ ਅੰਮ੍ਰਿਤਸਰ-143002**

// Sanvad

**(Dialogic)**

**PUNJABI REFEREED RESEARCH JOURNAL**

Bi- Annual

A Peer Reviewed Punjabi Research Journal of the Post-Graduate Department of Punjabi Studies, Khalsa College, Amritsar.

**(UGC-CARE APPROVED JOURNAL)**

Email : sanvadpunjabi@gmail.com, www.sanvad.org

**Patron :** *Dr. A. K. Kahlon* +91 98724-56833

**Chief Editor:** *Dr. Atam Singh Randhawa* +91 98722-17273

**ISSN : 2395-1273** | **January-June 2025**

**ਸਲਾਹਕਾਰ ਬੋਰਡ**

**ਡਾ. ਮਹਿਲ ਸਿੰਘ**

ਵਾਈਸ ਚਾਂਸਲਰ, ਖ਼ਾਲਸਾ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਰਮਿੰਦਰ ਕੌਰ, ਸਾਬਕਾ ਮੁਖੀ**

ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਸੁਰਜੀਤ ਸਿੰਘ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਪ੍ਰੋ. (ਡਾ.) ਯੋਗਰਾਜ ਅੰਗਰਿਸ਼, ਮੁਖੀ**

ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

**ਪ੍ਰੋ. (ਡਾ.) ਰਵੀ ਰਵਿੰਦਰ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਕੁਲਵੀਰ ਗੋਜਰਾ, ਮੁਖੀ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਗੁਰਮੁਖ ਸਿੰਘ, ਮੁਖੀ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਕੁਲਵੰਤ ਸਿੰਘ, ਸਾਬਕਾ ਪ੍ਰੋਫ਼ੈਸਰ**

ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ

ਅਕਾਦਮਿਕ ਸਹਿਯੋਗ : ਸਮੂਹ ਸਟਾਫ਼ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ

**ਨੋਟ: ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹੈ।**

**ਚੰਦਾ ਭੇਜਣ ਤੇ ਮਿਲਣ ਦਾ ਪਤਾ**

**ਪ੍ਰਿੰਸੀਪਲ**

**ਖ਼ਾਲਸਾ ਕਾਲਜ, ਅੰਮ੍ਰਿਤਸਰ**

khalsacollegeamritsar@yahoo.com

www.khalsacollege.edu.in

**ਚੰਦਾ**

| | |
|---|---|
| **ਜੀਵਨ ਮੈਂਬਰ** | : ₹ 3000 |
| **ਪੰਜ ਸਾਲਾ** | : ₹ 1800 |
| **ਇਹ ਅੰਕ** | : ₹ 200 |

Online Payment: **A/c : 3397000100467796 IFSC : PUNB0339700**

Punjab National Bank Kot Khalsa, Amritsar

**© Principal, Khalsa College Amritsar**

**'ਸੰਵਾਦ'** ਪੰਜਾਬੀ ਰਿਸਰਚ ਜਰਨਲ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਵੱਲੋਂ ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ ।

# ਸੰਵਾਦ

**ਪੰਜਾਬੀ ਰੈਫ਼ਰੀਡ ਖੋਜ ਰਸਾਲਾ**

**ਛਿਮਾਹੀ**

**ਸਾਲ - 11ਵਾਂ, ਅੰਕ - 21ਵਾਂ ||| ਜਨਵਰੀ-ਜੂਨ 2025**

## ਤਤਕਰਾ

❒ **ਸੰਪਾਦਕੀ** 5

❒ **ਕੁਆਂਟਮ ਕਾਵਿ-ਸ਼ਾਸਤਰ** 9
ਅਮਰਜੀਤ ਸਿੰਘ ਗਰੇਵਾਲ

❒ **ਤੂਤਾਂ ਵਾਲਾ ਖੂਹ : ਸਮਾਜ-ਇਤਿਹਾਸ ਦਾ ਗਲਪੀ ਦਸਤਾਵੇਜ਼** 16
ਡਾ. ਮਹਿਲ ਸਿੰਘ

❒ **ਦੇਸ਼ ਵੰਡ ਦਾ ਪੰਜਾਬ ਦੇ ਅਰਥਚਾਰੇ ਉਪਰ ਪ੍ਰਭਾਵ : ਇਕ ਸੰਖੇਪ ਵਿਸ਼ਲੇਸ਼ਣ** 22
ਡਾ. ਰਣਜੀਤ ਸਿੰਘ ਘੁੰਮਣ

❒ **ਪੰਜਾਬ ਵੰਡ (1947) : ਭੂਗੋਲ, ਆਰਥਿਕਤਾ ਅਤੇ ਕਿਸਾਨੀ ਉੱਪਰ ਪ੍ਰਭਾਵ** 28
ਡਾ. ਸੁਖਦੇਵ ਸਿੰਘ ਸੋਹਲ

❒ **ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ : ਪੰਜਾਬੀ ਲੋਕਧਾਰਾ ਦਾ ਭਰ ਵਹਿੰਦਾ ਦਰਿਆ** 36
ਡਾ. ਜਸਵਿੰਦਰ ਸਿੰਘ

❒ **ਸਰੋਦ ਸੁਦੀਪ : ਸਗਲ ਸਰੂਪ ਦਾ ਸੰਕੇਤੀ ਸੰਚਾਰ** 44
ਡਾ. ਸਰਬਜੀਤ ਸਿੰਘ

❒ **ਪੰਜਾਬ ਦੀ ਵੰਡ : ਇਕ ਤ੍ਰਾਸਦੀ ਦੇ ਛੇ ਅਧਿਆਇ** 55
ਡਾ. ਅਮਨਪ੍ਰੀਤ ਸਿੰਘ ਗਿੱਲ

❒ **ਉਤਰ-ਆਧੁਨਿਕ ਦੌਰ ਦਾ ਨਾਰੀਵਾਦ ਅਤੇ ਸਮਕਾਲੀ ਪੰਜਾਬੀ ਕਹਾਣੀ** 63
ਡਾ. ਪਰਮਜੀਤ ਕੌਰ ਸਿੱਧੂ

❒ **ਬਾਰਹਮਾਹ ਤੁਖਾਰੀ : ਵਿਯੋਗ-ਗ੍ਰਸਤ ਇਸਤਰੀ ਦੀ ਵੇਦਨਾ ਦਾ ਕਾਵਿ-ਕਥਨ** 69
ਡਾ. ਪਰਮਿੰਦਰ ਸਿੰਘ

❒ **ਧੁਨੀ ਸਿਧਾਂਤ ਦੇ ਪ੍ਰਸੰਗ ਵਿਚ 'ਹੀਰ ਵਾਰਿਸ' ਦਾ ਵਿਸ਼ਲੇਸ਼ਣ** 75
ਡਾ. ਰਜਨੀ ਬਾਲਾ

❒ **ਪਾਂਧੀ ਨਨਕਾਣਵੀਂ ਦੇ ਨਾਟਕ : 'ਰਾਤ ਵੇਲੇ ਸਰਘੀ ਵੇਲੇ' ਦੀਆਂ ਸੰਵਾਦੀ ਜੁਗਤਾਂ** 84
ਨਿੰਦਰਪਾਲ ਸਿੰਘ ਅਤੇ ਡਾ. ਨਛੱਤਰ ਸਿੰਘ

❑ **ਸਾਹਿਤਕ ਬਿਰਤਾਂਤ, ਡਿਜੀਟਲ ਸੰਚਾਰ ਅਤੇ ਸੱਤਾ** 91
ਡਾ. ਸਰਬਜੀਤ ਸਿੰਘ

❑ **ਡਾ. ਜੋਗਿੰਦਰ ਸਿੰਘ ਰਾਹੀ ਦਾ ਨਾਵਲ ਚਿੰਤਨ ਅਤੇ ਸਮਕਾਲੀ ਪੰਜਾਬੀ ਨਾਵਲ ਆਲੋਚਨਾ** 97
ਡਾ. ਪ੍ਰਕਾਸ਼ ਸਿੰਘ

❑ **ਗਾਇਤਰੀ ਚੱਕਰਵਰਤੀ ਸਪੀਵਾਕ ਦਾ ਸਬਾਲਟਰਨ ਪਰਿਪੇਖ** 112
ਡਾ. ਸਤਵੀਰ ਸਿੰਘ

❑ **ਅੱਲਾਮਾ ਇਕਬਾਲ ਦੀ ਪੰਜਾਬੀਅਤ : ਆਲੋਚਨਾਤਮਕ ਦ੍ਰਿਸ਼ਟੀਕੋਣ** 124
ਡਾ. ਗੁਰਪ੍ਰੀਤ ਸਿੰਘ ਸੋਢੀ

❑ **ਲਾਹੌਰ ਦਾ ਪਾਗਲਖਾਨਾ : ਦੇਸ਼-ਵੰਡ ਬਾਰੇ ਇਕ ਮਹੱਤਵਪੂਰਨ ਦਸਤਾਵੇਜ਼** 128
ਡਾ. ਰੁਪਿੰਦਰ ਕੌਰ

❑ **ਲੈਵਿਸ ਹੈਨਰੀ ਮਾਰਗਨ ਦਾ ਚਿੰਤਨ : 'ਪੁਰਾਤਨ ਸਮਾਜ' ਦੇ ਪ੍ਰਸੰਗ ਵਿਚ** 131
ਦਲਜੀਤ ਕੌਰ

❑ **ਵਾਰਿਸ ਸ਼ਾਹ ਰਚਿਤ 'ਹੀਰ' ਵਿਚ ਛੰਦ, ਤਾਲ, ਰਾਗ ਅਤੇ ਰਸ ਦਾ ਅੰਤਰ-ਸਬੰਧ** 138
ਡਾ. ਪਵਨ ਸਰਵਰ

❑ **ਕਸ਼ਮੀਰ ਸੰਕਟ, ਇਤਿਹਾਸ ਅਤੇ ਸਮਕਾਲ ਨਾਲ ਸਬੰਧਤ**
**ਪੰਜਾਬੀ ਨਾਵਲ ਸਮਾਜ ਸਭਿਆਚਾਰਕ ਪਰਿਪੇਖ** 147
ਕੁਲਜੀਤ ਸਿੰਘ

❑ **ਸੁਖਜੀਤ ਦਾ ਕਹਾਣੀ ਜਗਤ : ਵਸਤੂ ਅਤੇ ਵਿਧੀ** 156
ਡਾ. ਨਵਜੋਤ ਕੌਰ

**ਪੁਸਤਕ ਰੀਵਿਊ :**

• **ਚੁਰਾਸੀ ਲੱਖ ਯਾਦਾਂ (ਨਾਵਲ)/ਜਸਬੀਰ ਮੰਡ** : ਡਾ. ਮਹਿਲ ਸਿੰਘ 163
• **ਪਰਛਾਵਿਆਂ ਦੀ ਜੂਨ ਭੋਗਦੇ ਅਕਾਰਾਂ ਦਾ ਧੁਰਦੇਸ : ਚੁਰਾਸੀ ਲੱਖ ਯਾਦਾਂ** : ਡਾ. ਯਾਦਵਿੰਦਰ ਸਿੰਘ 165
• **ਮਨੁ ਪੰਖੀ ਭਇਓ (ਨਾਵਲ)/ਮਨਮੋਹਨ** : ਡਾ. ਹਰਪ੍ਰੀਤ ਸਿੰਘ 168
• **ਪੰਜਾਬੀ ਸਾਹਿਤ-ਇਤਿਹਾਸ ਤੇ ਇਤਿਹਾਸਕਾਰੀ (ਆਲੋਚਨਾ)/ਡਾ. ਹਰਿਭਜਨ ਸਿੰਘ ਭਾਟੀਆ** 170
ਡਾ. ਪਰਮਜੀਤ ਢੀਂਗਰਾ

◈


ISSN : 2395-1273



# ਸੁਖਜੀਤ ਦਾ ਕਹਾਣੀ ਜਗਤ
## ਵਸਤੂ ਅਤੇ ਵਿਧੀ

**ਡਾ. ਨਵਜੋਤ ਕੌਰ**

ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ
✆ 96460-11220

ਅਜੋਕੇ ਮਨੁੱਖ ਦੀਆਂ ਮੂਲ ਧਾਰਨਾਵਾਂ ਵਿਚ ਹੋਏ ਤਬਾਦਲਿਆਂ ਨੂੰ ਬਰੀਕਬੀਨੀ ਨਾਲ ਪੇਸ਼ ਕਰਨ ਵਾਲੇ ਕਹਾਣੀਕਾਰਾਂ ਵਿਚੋਂ ਇਕ ਪ੍ਰਮੁੱਖ ਹਸਤਾਖ਼ਰ ਸੁਖਜੀਤ ਵੀ ਹੈ। ਵੱਖਰੀਆਂ ਲੀਹਾਂ ਪਾਉਂਦਿਆਂ ਆਪਣਾ ਰਾਹ ਨਿਖੇੜਾ ਕਰਦਾ ਸੁਖਜੀਤ, ਪੰਜਾਬੀ ਦਾ ਅਜਿਹਾ ਚੇਤੰਨ ਕਹਾਣੀਕਾਰ ਰਿਹਾ ਹੈ, ਜਿਹੜਾ ਪਾਠਕ ਬੌਧਿਕਤਾ ਨੂੰ ਆਚੰਭਿਤ ਅਤੇ ਆਕਰਸ਼ਿਤ ਕਰਨ ਦੀ ਵਿਸ਼ੇਸ਼ ਮੁਹਾਰਤ ਰੱਖਦਾ ਹੈ। ਇਸ ਖੋਜ-ਪਰਚੇ ਦਾ ਕੇਂਦਰ ਸੁਖਜੀਤ ਦੀਆਂ ਕਹਾਣੀਆਂ ਵਿਚ ਵਿਦਮਾਨ- ਮਾਂ ਦੇ ਨਕਾਰਾਤਮਕ ਪੱਖ, ਕਾਮ ਦੇ ਬਲੀ ਸਵਰੂਪ, ਮਰਦਾਵੀਂ ਕੀਮਤਾਂ ਨੂੰ ਪਰਨਾਈ ਔਰਤ, ਡੇਰਾਵਾਦ ਦੇ ਸਕੰਜੇ, ਮੰਡੀਵਾਦ ਦੀ ਲੋਟੂ ਬਿਰਤੀ, ਕਾਮਰੇਡ ਦੀ ਫ਼ਿਲਾਸਫ਼ੀ ਆਦਿ ਸਮੱਸਿਆਵਾਂ ਨੂੰ ਵਸਤੂ ਅਤੇ ਵਿਧੀ ਪੱਖ ਤੋਂ ਪੇਸ਼ ਕਰਨਾ ਹੈ। ਉਸਨੇ ਨਵੀਆਂ ਤਕਨੀਕਾਂ ਨਾਲ ਆਪਣੀ ਰਚਨਾ ਦਾ ਲੋਹਾ ਮਨਵਾਇਆ ਹੈ। ਮਨੁੱਖੀ ਮਨ ਅੰਦਰ ਪਏ ਸ਼ੰਕਿਆਂ ਨੂੰ ਪ੍ਰਸ਼ਨ-ਚਿੰਨ੍ਹਾਂ ’ਤੇ ਛੱਡ ਦਿੰਦੀਆਂ ਉਸ ਦੀਆਂ ਕਹਾਣੀਆਂ, ਬਣੇ ਬਣਾਏ ਸੋਚ ਚੌਖਟਿਆਂ ਨੂੰ ਤੋੜਣ ਦਾ ਹੀਲਾ ਕਰਦੀਆਂ ਹਨ। ਉਹ ਸਮਕਾਲੀ ਦੌਰ ਦੇ ਘਿਣਾਉਣੇ ਪਰ ਵਾਸਤਵਿਕ ਵਰਤਾਰਿਆਂ ਅਤੇ ਪਾਖੰਡ ਦੇ ਆਡੰਬਰ ਹੇਠ ਲੁੱਕੇ ਸੱਚ ਨੂੰ ਢੁੱਕਵੇਂ ਚਿੰਨ੍ਹਾਂ ਰਾਹੀਂ ਅਗਰਭੂਮਿਤ ਕਰਦਾ ਹੈ ਜਿਸ ਕਾਰਨ ਉਸਦੀ ਕਥਾ, ਰਸ ਦੀ ਧਾਰਨੀ ਹੋਣ ਕਾਰਨ ਰਚਨਾ ਦਾ ਬਿਰਤਾਂਤਕ ਵਾਯੂਮੰਡਲ ਪਾਠਕ ਨੂੰ ਅਕੇਵਾਂ ਮਹਿਸੂਸ ਨਹੀਂ ਹੋਣ ਦਿੰਦਾ ਹੈ।

ਵਿਲੱਖਣ ਪੱਖ ਤੋਂ ਸੁਖਜੀਤ ਨੇ ਬਦਲ ਰਹੀਆਂ ਤਰਜੀਹਾਂ ਦੇ ਤਹਿਤ ਮਾਂ ਰੂਪੀ ਔਰਤ ਦੇ ਨਾ-ਪੱਖੀ ਪੱਖ ਦਾ ਵਡੇਰਾ ਚਿਤਰਨ ਕੀਤਾ ਹੈ। **ਚੰਦਰੀ** ਕਹਾਣੀ ਇਕ ਮਨੋਲਾਗ ਹੈ। ਜਿਸ ਵਿਚ ਉੱਤਮ ਪੁਰਖੀ ਢੰਗ ਰਾਹੀਂ ਪਾਠਕ ਨੂੰ ਕਹਾਣੀ ਬਿਰਤਾਂਤ ਨਾਲ ਬੰਨ੍ਹਣ ਲਈ ਲੁਕਾਓ-ਪ੍ਰਗਟਾਓ ਦੀ ਜੁਗਤ ਵਰਤੀ ਗਈ ਹੈ। ਕਹਾਣੀਕਾਰ ਸੁਖਜੀਤ ਨੇ ਰਚਨਾ ਦੇ ਸ਼ੁਰੂ ਵਿਚ ਹੀ ਫੋਰੀ ਵਿਗੋਪਨ ਰਾਹੀਂ ਕਹਾਣੀ ਦੀ ਅਸਲ ਘਟਨਾ ਦਾ ਜ਼ਿਕਰ ਕੀਤਾ ਹੈ ਕਿ ਕਹਾਣੀ ਵਿਚਲਾ ਮੈਂ-ਪਾਤਰ ਆਪਣੀ ਮਾਂ ਨੂੰ ਮਾਰਨਾ ਚਾਹੁੰਦਾ ਸੀ ਪਰ ਮਰ ਉਸ ਹੱਥੋਂ ਚੰਦਰੀ ਜਾਂਦੀ ਹੈ। ਵਿਲੰਬਤ ਵਿਗੋਪਨ ਵਜੋਂ ਇਸ ਘਟਨਾ ਦੇ ਕਾਰਨਾਂ ਦਾ ਉਤਰ ਖੰਡ-ਖੰਡ ਕਰਕੇ ਵਾਤਾਵਰਨਕ ਛੋਹਾਂ ਰਾਹੀਂ ਦੱਸਿਆ ਗਿਆ ਹੈ। ਆਰੰਭ ਵਿਚ ਹੀ ਕਹਾਣੀ ਪਾਠਕ ਮਸਤਕ ਵਿਚ ਕਈ ਸੁਆਲ ਪੈਦਾ ਕਰ ਦਿੰਦੀ ਹੈ ਕਿ ਚੰਦਰੀ ਉਪਨਾਮ ਦੀ ਗੁਰਨਾਮ ਕੌਰ ਵਿਚ ਕੁਝ ਵੀ ਚੰਦਰਾਪਣ ਨਹੀਂ ਹੈ ਫਿਰ ਉਸ ਦਾ ਨਾਂ ਚੰਦਰੀ ਕਿਉਂ ਪਿਆ ਅਤੇ ਮੈਂ-ਪਾਤਰ ਆਪਣੀ ਮਾਂ ਨੂੰ ਕਿਉਂ ਮਾਰਨਾ ਚਾਹੁੰਦਾ ਸੀ ? ਵਕਤਾ ਪਾਤਰ ਦੀ ਔਰਤ ਜਾਤੀ ਨਾਲ ਨਫ਼ਰਤ ਦਾ ਕਾਰਨ ਉਸ ਦੀ ਮਾਂ ਦੇ ਨਜਾਇਜ਼ ਸਬੰਧ ਹੀ ਹਨ, ਜਿਹੜੇ ਮਗਰੋਂ ਆ ਕੇ ਉਸ ਦੀ ਪਤਨੀ (ਚੰਦਰੀ) ਦੀ ਮੌਤ ਦਾ ਕਾਰਨ ਵੀ ਬਣ ਜਾਂਦੇ ਹਨ। ਸੁਖਜੀਤ ਆਪਣੇ ਪਾਤਰ ਦੇ ਅਤੀਤ ਵਿਚ ਘਟਿਤ ਘਟਨਾਵਾਂ ਨੂੰ ਪੇਸ਼ ਕਰਨ ਲਈ ਸੰਖੇਪਤਾ ਜੁਗਤ ਨੂੰ ਵਰਤਦਿਆਂ, ਲੰਮੀ ਚੌੜੀ ਗੱਲ ਨੂੰ ਕੁਝ ਕੁ ਸਤਰਾਂ ਵਿਚ ਹੀ ਕਹਿ ਜਾਂਦਾ ਹੈ।

> ਹਾਅ ਜਿਹੜੀ ਗੱਲ ਕਰਕੇ ਮੇਰੀ ਮਾਂ ਨੇ ਮੈਨੂੰ ਤੰਦੂਰੇ ਤਾਈ ਰੱਖਿਆ ਸਾਰੀ ਉਮਰ, ਉਹਦਾ ਤੇ ਮੈਨੂੰ ਪਤਾਅ..। ਉਹ ਆਂਹਦੇ ਹੁੰਦੇ ਆ ਨਾ ਕਿ ਕੱਟਣ ਨੂੰ ਤੇ ਬੰਦਾ ਮਾਂ ਦੇ ਯਾਰ ਨਾਲ ਵੀ ਕੱਟ ਲੈਂਦਾ..ਬਸ ਬਾਊ ਮੇਰੇ ਕੋਲੋਂ ਏਹੀ ਨਹੀਂ ਹੋਇਆ..। ਉਂਜ ਖੋਰੇ ਮੈਂ ਤੇ ਕੱਟ ਈ ਲੈਂਦਾ, ਜਿਵੇਂ ਆਂਹਦੇ ਨੇ, ਉਹ ਮੇਰਾ ਚਾਚਾ ਏ ਨਾ..ਓਹੀਓ, ਜਿਹਨੇ ਗਵਾਹੀ ਦੇਣੀ ਸੂ, ਉਹ ਮੇਰੇ ਹੱਡ ’ਤੇ ਲਾਉਂਦਾ ਰਹਿੰਦਾ..[1]

ਭਾਵੇਂ ਕਿ ਰਚਨਾ ਦਾ ਆਰੰਭ ਲੇਖਕ ਦੇ ਨਿੱਜੀ ਅਨੁਭਵ ਤੋਂ ਹੁੰਦਾ ਹੈ ਪਰ ਰਚਨਾ ਰਚਨ ਵੇਲੇ ਉਹ ਅਨੁਭਵ ਦੇ ਨਿੱਜੀ ਵੇਰਵਿਆਂ ਨੂੰ ਲੁਕੋ ਲੈਂਦਾ ਹੈ ਜਾਂ ਰੂਪ ਬਦਲ ਕੇ ਪੇਸ਼ ਕਰਦਾ ਹੈ ਜਿਸ ਨੂੰ ਸਾਧਾਰਨੀਕਰਨ ਦੀ ਪ੍ਰਕਿਰਿਆ ਕਹਿੰਦੇ ਹਨ। ਸਿਮ੍ਰਤੀਆਂ ਰਾਹੀਂ ਬਿਰਤਾਂਤ ਵਿਉਂਤਦੀ **ਬੰਦੇ ਕੌਣ ਖਾਂਦਾ**? ਕਹਾਣੀ ਵਿਚ ਬੀਬੇ ਦੇ ਫੜ੍ਹੇ ਜਾਣ ਪਿੱਛੇ ਨਿਹਿਤ ਉਸ ਦੀ ਮਾਂ ਦੇ ਚੇਲੇਕਿਆਂ ਨਾਲ ਨਜਾਇਜ਼ ਸਬੰਧਾਂ ਦਾ ਕਥਾ-ਬਿੰਬ ਉਘਾੜਿਆ ਗਿਆ ਹੈ। ਰਿਸ਼ਤਿਆਂ ਦੇ ਅਸਮਤੋਲ ਨੂੰ ਪੇਸ਼ ਕਰਦੀ ਸਬੰਧਿਤ ਕਹਾਣੀ ਵਰਤਮਾਨ ਤੋਂ ਆਰੰਭ ਹੋ ਕੇ ਭੂਤ ਅਤੇ ਫਿਰ ਭਵਿੱਖ


(ਪੰਨੇ 156-162)
www.sanvad.org
ISSN : 2395-1273

ਦਾ ਸਮਾਵੇਸ਼ ਕਰਕੇ ਆਪਣੇ ਕੇਂਦਰੀ-ਬਿੰਦੂ ਮਾਂ ਦੇ ਸਥਾਪਿਤ ਪਰੰਪਰਾਗਤ ਬਿੰਬ ਨੂੰ ਤੋੜਦੀ ਹੈ। ਪਾਠਕ ਕਹਾਣੀ ਵਿਚਲੇ ਮਾਂ ਕਿਰਦਾਰ ਤੋਂ ਚਿੰਤਤ ਹੋਇਆ ਮਹਿਸੂਸ ਕਰਦਾ ਹੈ ਕਿਉਂਕਿ ਮਾਂ ਤਾਂ ਘਰ ਦੇ ਸੰਕਲਪ ਨੂੰ ਸੰਪੂਰਨ ਕਰਦੀ ਹੈ ਪਰੰਤੂ ਸਬੰਧਿਤ ਕਹਾਣੀ ਦੀ ਮਾਂ-ਪਾਤਰ ਘਰ ਦੀਆਂ ਨੀਹਾਂ ਹਿਲਾਉਣ ਵਿਚ ਮੋਹਰੀ ਦਾ ਰੋਲ ਨਿਭਾਉਂਦੀ ਹੋਈ ਤਬਾਹਕੁੰਨ ਪੰਗਡੰਡੀਆਂ ਦੀ ਰਾਹੀ ਬਣਦੀ ਹੈ। ਉਹ ਆਪਣੀਆਂ ਜਿਨਸੀ ਲੋੜਾਂ ਦੀ ਪੂਰਤੀ, ਆਪਣੇ ਘਰਦੇ ਜੀਆਂ ਤੇ ਜ਼ਮੀਨ ਨੂੰ ਦਾਅ ’ਤੇ ਲਗਾ ਕੇ ਕਰਦੀ ਹੈ। ਜਦੋਂ ਕਿ ਸਾਧਾਰਨ ਰੂਪ ਵਿਚ ਇਕ ਔਰਤ ਆਪਣੀ ਸੰਪੂਰਨਤਾ ਇਹਨਾਂ ਰਿਸ਼ਤਿਆਂ ਦੇ ਘੇਰੇ ਵਿਚ ਹੀ ਚਿਤਵ ਸਕਦੀ ਹੈ।

> ਰਾਤੀਂ ਉਨ੍ਹਾਂ ਘਰ ਕੋਈ ਆਇਆ ਸੀ। ਮਾਂ ਬੀਬੇ ਨੂੰ ਵਿਹੜੇ ਵਿਚ ਭੈਣ ਕੋਲ ਛੱਡ ਅੰਦਰ ਚਲੀ ਗਈ ਸੀ ਪਰ ਬੀਬਾ ਜ਼ਿੱਦ ਕਰਦਾ ਸੀ ਕਿ ਉਹ ਮਾਂ ਨਾਲ ਹੀ ਸੌਂਵੇਂਗਾ। ਉਹਨੇ ਲੇਰਾਂ ਮਾਰ-ਮਾਰ ਘਰ ਸਿਰ ’ਤੇ ਚੁੱਕ ਲਿਆ ਸੀ। ਭੈਣ ਵੀ ਉਦੋਂ ਬਾਲੜੀ ਸੀ ਮਸਾਂ ਗਿਆਰਾਂ ਸਾਲਾਂ ਦੀ ਪਰ ਉਹ ਮਾਂ ਦੀ ਗੱਲ ਮੰਨਦੀ ਸੀ। ਬੀਬਾ ਭੈਣ ਤੋਂ ਫੜਿਆ ਨਹੀਂ ਜਾਂਦਾ ਸੀ ਤੇ ਜਾ ਲੱਗਾ ਸੀ ਬੂਹਾ ਭੰਨਣ। ਮਾਂ ਅੰਦਰੋਂ ਨਿਕਲੀ ਸੀ ਨੇਰ੍ਹੀ ਵਾਂਗਰਾਂ ਤੇ ਆਉਂਦੀ ਹੀ ਉਹਨੂੰ ਫੰਡਣ ਲੱਗ ਪਈ ਸੀ। ਮਾਂ ਨੇ ਉਹਨੂੰ ਏਨਾ ਮਾਰਿਆ ਸੀ ਕਿ ਉਹਤੋਂ ਰੋਇਆ ਵੀ ਨਹੀਂ ਸੀ ਜਾਂਦਾ। ਉਹ ਬੇਸੁਰਤ ਹੋ ਗਿਆ ਸੀ ਪਰ ਮਾਂ ਮਾਰੀ ਜਾਂਦੀ ਸੀ ਤੇ ਆਖੀ ਜਾਂਦੀ ਉਹ, “ਮਾਰ ਦਿਆਂਗੀ ਅੱਜ, ਅੱਜ ਪਾ ਦਿਆਂਗੀ ਬਾਲਣ, ਜੀਂਵਦਾ ਨਹੀਂ ਛੱਡਣਾ, ਮਰੇਂਗਾ ਤੇ ਮਗਰੋਂ ਲਹੇਂਗਾ”[2]

**ਹਜ਼ਾਰ ਕਹਾਣੀਆਂ ਦਾ ਬਾਪ** ਕਹਾਣੀ ਵਿਚਲੀ ਗ਼ੈਰ-ਹਾਜ਼ਰ ਪਾਤਰ ਮਾਂ ਦਾ ਬਦਅਖ਼ਲਾਕੀ ਕਰਮ, ਪਿਓ ਦੀਆਂ ਨਜ਼ਰਾਂ ਵਿਚ ਧੀਆਂ ਦੇ ਅਖ਼ਲਾਕ ਨੂੰ ਸ਼ੱਕੀ ਬਣਾਉਣ ਦਾ ਜ਼ਰ੍ਹੀਆ ਸਿੱਧ ਹੁੰਦਾ ਹੈ। ਇਹ ਕਹਾਣੀ ਇਕੋ ਸਮੇਂ ਔਰਤ ਪ੍ਰਤੀ ਬਣੇ ਸੰਕੀਰਨ ਨਜ਼ਰੀਏ ਅਤੇ ਉਸ ਦੇ ਸਸ਼ਕਤ ਸਰੂਪ ਦੀ ਪੇਸ਼ਕਾਰੀ ਕਰਦੀ ਹੈ। ਸਬੰਧਿਤ ਯਥਾਰਥ ਦੀ ਥਾਂ ਇੱਛਿਤ ਯਥਾਰਥ ਨੂੰ ਪ੍ਰਗਟਾਉਂਦੀ ਇਸ ਕਹਾਣੀ ਵਿਚ ਧੀਆਂ ਦੇ ਚਰਿੱਤਰਕ ਪੱਖਾਂ ਨੂੰ ਪਿਓ ਪਾਤਰ, ਓਪਰੇ ਮਰਦ ਨਾਲ ਭੱਜ ਚੁੱਕੀ ਆਪਣੀ ਪਤਨੀ ਦੇ ਵਿਹਾਰ ਦੇ ਤਹਿਤ ਪਰਖਦਾ ਹੈ ਪਰੰਤੂ ਕਹਾਣੀ ਦਾ ਅੰਤਕ-ਬਿੰਦੂ ਪਾਠਕ ਕਿਆਸ ਤੋਂ ਉਲਟ ਅਰਥ ਸਿਰਜਦਾ ਹੈ। “ਇਹ ਕਹਾਣੀ ਦਾ ਤੱਤ ਹੈ ਪਰ ਵੱਡਾ ਸੱਚ ਉਹ ਹੈ ਜੋ ਧੀਆਂ ਦੇ ਬਾਪ ਤੇ ਉਧਲ ਗਈ ਪਤਨੀ ਦੇ ਪਤੀ ਨੂੰ ਭੋਗਣਾ ਪੈਂਦਾ ਹੈ। ਇਸ ਵਿਚ ‘ਜਿਊਣਾ ਝੂਠ’ ਤੇ ‘ਮਰਨਾ ਸੱਚ’ ਦਾ ਭੈਅ ਨਿਰੰਤਰ ਵਿਸ਼ੇਸ਼ ਕਿਸਮ ਦੀ ਮਨੋ-ਅਵਸਥਾ ’ਤੇ ਛਾਇਆ ਰਹਿੰਦਾ ਹੈ। ਭਾਵੇਂ ਧੀਆਂ ਦੀ ਦਲੇਰੀ ਬਾਪ ਦੇ ਸ਼ੰਕਿਆਂ ਨੂੰ ਕੱਟਦੀ ਤਾਂ ਹੈ ਪਰ ਇਹ ਸ਼ੰਕਿਆਂ ਦੇ ਮੁੱਕ ਜਾਂ ਖ਼ਤਮ ਹੋਣ ਦੀ ਕੋਈ ਜ਼ਾਮਨੀ ਨਹੀਂ ਹੈ। ਇਸ ਤਰ੍ਹਾਂ ਸੁਖਜੀਤ ਬੰਦੇ ਦੇ ਅਸਤਿਤਵ ਨੂੰ ਕਈ ਪਾਸਿਆਂ ਤੋਂ ਝੰਜੋੜਦਾ ਹੋਇਆ ਖੜੇ ਹੋਣ ਦਾ ਧਰਵਾਸ ਵੀ ਦੇਂਦਾ ਹੈ ਤੇ ਨਾਲ ਕਦੇ ਡੋਲ ਜਾਣ ਜਾਂ ਡਿੱਗ ਪੈਣ ਦੇ ਰੂ-ਬ-ਰੂ ਵੀ ਰੱਖਦਾ ਹੈ।”[3]

ਕਾਮ ਨੂੰ ਇਕ ਜੁਗਤ ਵਜੋਂ ਵਰਤਦਿਆਂ ਸੁਖਜੀਤ ਨੇ ਆਪਣੀਆਂ ਕਹਾਣੀਆਂ ਵਿਚ ਇਸ ਦੇ ਵਿਵਿਧ ਪਰਿਪੇਖਾਂ ਨੂੰ ਸਲੈਂਗ ਭਾਸ਼ਾ ਦੇ ਪ੍ਰਯੋਗ ਰਾਹੀਂ ਪੇਸ਼ ਕਰਨ ਦੀ ਪਹਿਲ-ਕਦਮੀ ਕੀਤੀ ਹੈ। ਉਤਰ ਆਧੁਨਿਕਤਾ ਦੇ ਪ੍ਰਭਾਵ ਅਧੀਨ ਅਜੋਕੀ ਔਰਤ ਉਪਭੋਗੀ, ਮਕਾਨਕੀ, ਦਮਨਕਾਰੀ ਚਰਿੱਤਰ ਦੀ ਧਾਰਨੀ ਬਣਦੀ ਜਾ ਰਹੀ ਹੈ। **ਮੈਂ ਅਯਨਘੋਸ਼ ਨਹੀਂ** ਕਹਾਣੀ ਵਿਚ ਪਿੰਡ ਅਤੇ ਸ਼ਹਿਰ ਦੇ ਦਵੰਦੀ ਪ੍ਰਵਚਨ ਨੂੰ ਪਤੀ-ਪਤਨੀ ਰਾਹੀਂ ਉਜਾਗਰ ਕੀਤਾ ਗਿਆ ਹੈ ਜਿਸ ਵਿਚ ਸ਼ਹਿਰੀ ਵਿਅਕਤੀਵਾਦ (ਪਤਨੀ) ਪੇਂਡੂ ਸਮੁੱਚਤਾ ਦਾ ਵਿਰੋਧੀ ਸਥਾਪਿਤ ਹੁੰਦਾ ਹੈ। ਪਤੀ ਦੁਆਰਾ ਪਤਨੀ ਸੀਰਤ ਨੂੰ ਅੰਤਾਂ ਦਾ ਮੋਹ ਕਰਨ ਦੇ ਬਾਵਜੂਦ ਉਹ ਉਸ ਨੂੰ ਅਣਦੇਖਾ ਕਰਕੇ ਆਪਣੇ ਗਾਇਡ ਸਰ ਵੱਲ ਉਲਾਰ ਹੁੰਦੀ ਹੈ। ਅੰਤ ਇਸ ਉਲਾਰਤਾ ਦੀ ਸਿਖਰ ਅਤੇ ਸੀਰਤ ਦੀ ਹਯਾ ਦਾ ਤਿੜਕਿਆ ਸ਼ੀਸ਼ਾ ਤਲਵਾਰ ਬਣ ਦੰਪਤੀ ਰਿਸ਼ਤੇ ਦਾ ਕਾਤਲ ਸਾਬਤ ਹੁੰਦਾ ਹੈ। ਸਰ ਦੇ ਦਖ਼ਲ ਨਾਲ ਪਤਨੀ ਦੀ ਦਬਾਅਯੁਕਤ ਬਿਰਤੀ ਦਾ ਪਤੀ ਪਹਿਲਾਂ ਮੂਕ ਵਿਰੋਧ ਕਰਦਾ ਹੈ ਅਤੇ ਫਿਰ ਵਿਹਾਰਕ ਹਿੰਸਾ ਪ੍ਰਗਟਾਉਂਦਾ ਹੈ। ਉਹਨਾਂ ਦਾ ਰਿਸ਼ਤਾ ਟੁੱਟਣ ਤੋਂ ਪਹਿਲਾਂ ਨਿਰਾਸ਼ਾ ਅਤੇ ਵਿਸ਼ਾਦਗ੍ਰਸਤ ਸਥਿਤੀ ਵਿਚ ਵਿਚਰਦਾ ਮੈਂ-ਪਾਤਰ ਆਪਣੇ ਅੰਦਰਲੇ ਨਾਲ ਘੋਲ ਕਰਦਾ ਦਿਖਾਇਆ ਗਿਆ ਹੈ। ਅੰਤ ਮਾਨਸਿਕ ਤਬਾਹੀ ਤੋਂ ਬਚਣ ਲਈ ਉਹ ਸੀਰਤ ਦੀਆਂ ਆਪਹੁਦਰੀਆਂ ਦੇ ਹੜ੍ਹ ਨੂੰ ਰਾਹ ਦਿੰਦਾ ਹੋਇਆ, ਪਿੰਡ ਵੱਲ ਵਾਪਸੀ ਕਰ ਲੈਂਦਾ ਹੈ। ਪਰੰਪਰਕ ਪਤਨੀ ਵਾਂਗ ਇਸ ਕਹਾਣੀ ਦਾ ਪਤੀ ਆਪਣੇ ਵਿਆਹੁਤਾ ਜੀਵਨ ਨੂੰ ਸਮਤਲ ਕਰਨ ਤੇ ਪਰਿਪੱਕਤਾ ਦੇਣ ਲਈ ਬੱਚੇ ਦੀ ਇੱਛਾ ਜ਼ਾਹਰ ਕਰਦਾ ਹੈ ਪਰ ਪਤਨੀ ਆਪਣੇ ਸਰ ਵਰਗੇ ਇਨਸਾਨ ਦਾ ਸਰੂਪ ਆਪਣੇ ਬੱਚੇ ਵਿਚ ਤਸੱਵਰ ਕਰਨਾ ਚਾਹੁੰਦੀ ਹੈ ਪਰੰਤੂ ਇਹ ਗੱਲ ਪਤੀ ਲਈ ਅਸਹਿਜ ਹੋ ਨਿਬੜਦੀ ਹੈ। ਹਰ ਰਿਸ਼ਤਾ ਬਣਾਈ ਰੱਖਣ ਲਈ ਔਰਤ ਨੂੰ ਵਧੇਰੇ ਕੁਰਬਾਨੀਆਂ ਕਰਨੀਆਂ ਪੈਂਦੀਆਂ ਹਨ। ਇਸ ਕਹਾਣੀ ਵਿਚ ਨਿੱਜਵਾਦ ਦਾ ਸ਼ਿਕਾਰ ਪਤਨੀ ਪਾਤਰ ਇਸ ਉਕਤੀ ਨੂੰ ਉਲਟਾ

ਕੇ 'ਭਾਗ ਭਰੀ ਨੇ ਪੈਰ ਪਾਇਆ ਤੇ ਤਖਤ ਹਜ਼ਾਰਾ ਉਜੜ ਗਿਆ' ਨੂੰ ਸੱਚ ਸਿੱਧ ਕਰਦੀ ਹੈ। ਉਸਦੀ ਸਮੱਸਿਆ ਹੈ ਕਿ ਉਹ ਇਕ ਮਰਦ (ਸਰ) ਤੋਂ ਆਜ਼ਾਦ ਨਹੀਂ ਹੋਣਾ ਚਾਹੁੰਦੀ ਅਤੇ ਦੂਜੇ ਮਰਦ (ਪਤੀ) ਦੀ ਗ਼ੁਲਾਮ ਨਹੀਂ ਬਣਨਾ ਚਾਹੁੰਦੀ ਹੈ। ਚੁਸਤ ਫਿਰਕੇਬਾਜ਼ੀ ਸੁਖਜੀਤ ਕਹਾਣੀ ਦਾ ਵਿਸ਼ੇਸ਼ ਹਾਸਲ ਹੈ।

"ਹਾਂ-ਹਾਂ ਰਾਧਾ-ਕ੍ਰਿਸ਼ਨ..ਓ ਥੋਡਾ ਬਹਿ ਜੇ ਬੇੜਾ ਕਾਮ ਦੇ ਕੀੜਿਓ, ਸਾਲਿਓ ਪਖੰਡੀਓ..।" ਮੈਂ ਮੁੜ ਤੱਤਾ ਹੋ ਗਿਆ, ਅੱਗੋਂ ਉਹ ਵੀ ਉੱਚੀ ਬੋਲੀ।

"ਮੈਨੂੰ ਸਫਾਈ ਦੇਣ ਦੀ ਲੋੜ ਨਹੀਂ..ਹਾਂ ਹੈਗੇ ਨੇ ਉਹ ਕ੍ਰਿਸ਼ਨ, ਮੇਰੇ ਗੁਰੂ ਵੀ ਤੇ ਸਖਾ ਵੀ..ਹਾਂ ਹੈਗੀ ਆਂ ਰਾਧਾ..।"

"ਤਾਂ ਫਿਰ ਮੇਰੀ ਵੀ ਸੁਣ, ਉਹ ਸਰ ਤੇਰਾ, ਉਹ ਹੋਊ ਕ੍ਰਿਸ਼ਨ ਤੇਰਾ ਤੇ ਤੂੰ ਹੋਏਂਗੀ ਰਾਧਾ ਪਰ ਮੈਂ ਅਯਨਘੋਸ਼ ਨਹੀਂ।"

"ਅਯਨਘੋਸ਼" ਉਹ ਹੈਰਾਨੀ ਨਾਲ ਬੋਲੀ, "ਇਹ ਅਯਨ ਘੋਸ਼ ਕੌਣ ਐ?"

"ਇਹੀ ਤਾਂ ਦੁੱਖ ਆ ਕਿ ਰਾਧਾ ਵੀ ਨਹੀਂ ਜਾਣਦੀ ਬਈ ਅਯਨਘੋਸ਼ ਕੌਣ ਆ..? ਅਯਨ ਘੋਸ਼ ਰਾਧਾ ਦਾ ਪਤੀ, ਐਨੀ ਵਿਚਾਰਾ.."

"ਰਾਧਾ ਦਾ ਪਤੀ ਵੀ ਸੀ ?" ਉਹ ਹੈਰਾਨੀ ਦੇ ਸਿਖ਼ਰ 'ਤੇ ਸੀ।

"ਸੀ ਨਹੀਂ..! ਹੁਣ ਵੀ ਨੇ! ਬਥੇਰੇ ਨੇ ਵਿਚਾਰੇ ਐਨੀ.."[4]

ਇੰਜ ਕੇਵਲ ਇਕ ਸ਼ਬਦ 'ਅਯਨਘੋਸ਼' ਨਾਲ ਹੀ ਕਹਾਣੀ ਦਾ ਪ੍ਰਮੁੱਖ ਵਿਸ਼ਾ ਹੋਰ ਗੂੜ੍ਹਾ ਹੋ ਜਾਂਦਾ ਹੈ। "ਇਹੀ ਬਿਰਤਾਂਤਕੀ ਝਟਕਾ ਕਹਾਣੀ ਦੀ ਕਲਾਤਮਕਤਾ ਦਾ ਚਰਮ-ਬਿੰਦੂ ਹੁੰਦਾ ਹੈ। ਪਾਤਰ ਦਾ ਇਕ ਵਾਕ ਲੇਖਕ ਦੀ ਅੰਤਰ ਦ੍ਰਿਸ਼ਟੀ ਤੇ ਯੁੱਗ ਚੇਤਨਾ ਤੋਂ ਵਾਕਫ਼ ਕਰਾ ਜਾਂਦਾ ਹੈ।"[5]

ਸੁਖਜੀਤ ਕੋਲ ਵਿਭਿੰਨ ਖੇਤਰਾਂ ਦਾ ਵਿਵੇਕ ਉਸ ਦੇ ਕਥ ਨੂੰ ਮਜ਼ਬੂਤੀ ਬਖਸ਼ਣ ਵਿਚ ਸਹਾਈ ਹੁੰਦਾ ਹੈ ਪਰ ਉਸ ਵਿਚ ਮਨੋਰਥ ਉਲਾਰਤਾ ਦਾ ਅੰਸ਼ ਭਾਰੂ ਹੋਣ ਕਾਰਨ ਉਹ ਰਚਨਾ ਦੀ ਸ਼ੁਰੂਆਤ ਵਿਚ ਹੀ ਉਸਦਾ ਅੰਤ ਵੀ ਮਿੱਥ ਲੈਂਦਾ ਹੈ। **ਕਾਮ-ਬਲੀ** ਕਹਾਣੀ ਦੇ ਸਿਰਲੇਖ ਤੋਂ ਹੀ ਕਾਮ ਦੇ ਬਲੀ ਸਿੱਧ ਹੋਣ ਅਤੇ ਕਹਾਣੀ ਦੇ ਵਿਸ਼ੇ ਦਾ ਪਤਾ ਲੱਗ ਜਾਂਦਾ ਹੈ। ਕਹਾਣੀਕਾਰ ਦੁਆਰਾ ਅੱਗਲਝਾਤ ਰਾਹੀਂ ਕਹਾਣੀ ਦੇ ਆਰੰਭ ਵਿਚ ਹੀ ਸੰਕੇਤਕ ਢੰਗ ਨਾਲ ਵਾਪਰਨ ਵਾਲੀਆਂ ਘਟਨਾਵਾਂ ਦੀ ਜਾਣਕਾਰੀ ਦਿੰਦਿਆਂ, ਓਮੀ ਸਾਧ ਦੇ ਸਤ ਅਤੇ ਕਾਮ ਦੀ ਅਜਿੱਤ ਦਾ ਢੰਕਾ ਵਜਾ ਦਿੱਤਾ ਗਿਆ ਹੈ। ਜਿਸ ਦਾ ਆਧਾਰ ਭੈਰਵੀ ਬਣਦੀ ਹੈ, ਜਿਹੜੀ ਓਮੀ ਸਾਧ ਦੇ ਜਤ-ਸਤ ਨੂੰ ਭੰਗ ਕਰਨ ਵਿਚ ਕਾਮਯਾਬ ਰਹਿੰਦੀ ਹੈ। ਇਸ ਪ੍ਰਕਿਰਿਆ ਲਈ ਲੇਖਕ ਨੇ ਘਟਨਾ ਸਥਲ ਕਾਮ ਤੋਂ ਪੂਰੀ ਤਰ੍ਹਾਂ ਵਿਵਰਜਿਤ ਸਥਾਨ ਧਰਮਸ਼ਾਲਾ ਨੂੰ ਲਿਆ ਹੈ।

ਤੁਛ ਸਮਝੀ ਜਾਣ ਦੇ ਬਾਵਜੂਦ ਔਰਤ ਆਪਣੀ ਸੁੰਦਰਤਾ ਨਾਲ ਮਰਦ ਦੀ ਇੱਛਾ ਸ਼ਕਤੀ ਨੂੰ ਨਿਯੰਤਰਿਤ ਕਰਦੀ ਰਹੀ ਹੈ। ਸਾਉਲੇ ਰੰਗ ਦੀ ਭੈਰਵੀ ਨੂੰ ਕਾਮਦੇਵੀ ਰੱਤੀ ਦਾ ਪ੍ਰਤੀਰੂਪ ਪੇਸ਼ ਕੀਤਾ ਗਿਆ ਹੈ, ਜਿਹੜੀ ਗਿੱਲੀ ਸਾੜੀ ਵਿਚ ਲਿਪਟੀ ਮੰਦਰ ਦੀ ਮੂਰਤੀ ਜਾਪਦੀ ਹੈ। ਬਿਰਤਾਂਤਕਾਰ ਨੇ ਉਸ ਦੀ ਚਰਿੱਤਰਕ ਹੋਂਦ ਅਭਿਵਿਅਕਤ ਕਰਨ ਦੀ ਥਾਂ ਉਸ ਦੀ ਸਰੀਰਕ ਸੁੰਦਰਤਾ ਨੂੰ ਗਾਹਿਆ ਹੈ, ਜਿਹੜੀ ਕਿ ਕਾਮ ਉਪਜਾਊ ਹੈ। ਨਾਟਕੀਕਰਨ ਦੀ ਵਿਧੀ ਵਰਤਦਿਆਂ ਸਥਿਤੀਆਂ ਨੂੰ ਵਾਪਰਦਾ ਦੱਸਣ ਦੀ ਥਾਂ ਵਾਪਰਦਾ ਦਿਖਾਇਆ ਗਿਆ ਹੈ। ਕਹਾਣੀ ਵਿਚ ਓਮੀ ਸਾਧ ਦੇ ਬਰਾਬਰ ਭੈਰਵੀ ਦੀਆਂ ਅਕਾਂਖਿਆਵਾਂ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ ਜਿਸ ਕਾਰਨ ਰਚਨਾ ਪਾਠਕ ਚਿੰਤਨ ਕਰਨ ਦੀ ਥਾਂ ਉਪਭੋਗੀ ਬਣ ਜਾਂਦੀ ਹੈ। ਕਹਾਣੀ ਦਾ ਆਰੰਭ ਓਮੀ ਸਾਧ ਦੇ ਕਾਮ ਉੱਤੇ ਜਿੱਤ ਪ੍ਰਾਪਤ ਕਰਨ ਲਈ ਭੈਰਵੀ ਤੋਂ ਲਏ ਵਚਨ ਨਾਲ ਹੋਣ 'ਤੇ ਪਾਠਕ ਉਤਸੁਕਤਾ ਵੱਧ ਜਾਂਦੀ ਹੈ ਕਿਉਂਕਿ ਦੋਵੇਂ ਨਾ ਤਾਂ ਪਤੀ-ਪਤਨੀ ਹਨ ਤੇ ਨਾ ਹੀ ਪ੍ਰੇਮੀ-ਪ੍ਰੇਮਿਕਾ। ਬਸ ਓਮੀ ਸਾਧ ਨੇ ਕਾਮ ਨੂੰ ਜਿੱਤਣ ਦਾ ਇਕ ਪ੍ਰਕਾਰਜ ਆਰੰਭਿਆ ਹੈ ਤੇ ਭੈਰਵੀ ਨੇ ਉਸਦਾ ਸਾਥ ਦੇਣਾ ਹੈ। ਭੈਰਵੀ ਸਾਧ ਨਾਲ ਸਤਾਰਾਂ ਰਾਤਾਂ ਗੁਜ਼ਾਰ ਕੇ ਉਸ ਦੇ ਸਤ ਨੂੰ ਹਰਾ ਦਿੰਦੀ ਹੈ ਪਰ ਓਮੀ ਸਾਧ ਆਪਣੀ ਜਿੱਤ ਦੀ ਭ੍ਰਾਂਤੀ ਸਿਰਜਦਾ ਹੈ ਜਿਸ ਨੂੰ ਭੈਰਵੀ ਉਤੇਜਿਕ ਅਦਾਵਾਂ ਵਾਲੀਆਂ ਕੰਨਿਆਵਾਂ ਨੂੰ ਓਮੀ ਨੇੜੇ ਭੇਜ ਕੇ ਤੋੜ ਦਿੰਦੀ ਹੈ।

ਸਮਾਜਕ ਰਿਸ਼ਤੇ ਵਿਚ ਬੱਝੇ **ਬਰਫ਼** ਕਹਾਣੀ ਦੇ ਦੋਵੇਂ ਭੈਣ-ਭਰਾ ਮਨੀਸ਼ ਅਤੇ ਬਰਖਾ ਮਨੋਵਿਕਰਿਤੀਆਂ ਦਾ ਸ਼ਿਕਾਰ ਹੋ, ਇਕ ਵੱਖਰੀ ਪ੍ਰਕਾਰ ਦੀ ਦੰਵਦਾਤਮਕਤਾ ਨੂੰ ਭੋਗਦੇ ਹਨ। ਕਹਾਣੀ ਬਿਆਨ ਕਰਦੀ ਹੈ ਕਿ ਕਿਵੇਂ ਪ੍ਰਤੀਕੂਲ ਪ੍ਰਸਥਿਤੀਆਂ ਮਨੁੱਖੀ ਮਨ ਦੀਆਂ ਮੂਲ ਪ੍ਰਵਿਰਤੀਆਂ ਉਜਾਗਰ ਕਰਨ ਵਿਚ ਸਹਾਈ ਹੁੰਦੀਆਂ ਹਨ। ਵਿਅਕਤੀਗਤ ਤੌਰ 'ਤੇ ਤੀਬਰ ਇੱਛਾ ਦੀ ਅਪ੍ਰਾਪਤੀ ਦੀ ਭਾਵਨਾ ਅਧੀਨ ਵਿਅਕਤੀ ਆਪਣੇ ਆਪ ਨੂੰ


**www.sanvad.org**
ISSN : 2395-1273

ਅਲਗਾਵ ਦੀ ਸਥਿਤੀ ਵਿਚ ਪਾ ਕੇ ਮਨੋਰੋਗੀ ਹੋ ਜਾਂਦਾ ਹੈ। ਜਦੋਂ ਉਹ ਆਸੇ-ਪਾਸੇ ਫੈਲੀ ਬਦਕਰਮੀ ਪ੍ਰਤੀ ਖਿੱਝਿਆ ਹੋਇਆ ਮਹਿਸੂਸ ਕਰਦਾ ਹੈ ਤਾਂ ਉਸ ਨੂੰ ਵਧੇਰੇ ਹਮਦਰਦੀ ਦੀ ਲੋੜ ਹੁੰਦੀ ਹੈ ਪਰ ਪ੍ਰਸਥਿਤੀਆਂ ਪ੍ਰਤੀਕੂਲ ਹੋਣ ਕਾਰਨ ਉਸ ਦਾ ਸੰਤਾਪ ਵਧੇਰੇ ਡੂੰਘਾ ਹੋ ਜਾਂਦਾ ਹੈ ਤੇ ਅਜਿਹਾ ਵਿਅਕਤੀ ਆਪਣੀਆਂ ਭਾਵਨਾਵਾਂ ਨੂੰ ਗੁੱਸੇ ਰਾਹੀਂ ਵਿਅਕਤ ਕਰਦਾ ਹੈ। **ਡਮਰੂ** ਕਹਾਣੀ ਦੀ ਸਿਮਰਨ ਪਾਤਰ ਮਾਨਸਿਕ ਬਹਿਬਲਤਾ ਦੇ ਉਸ ਪੜਾਅ ਉੱਤੇ ਪਹੁੰਚ ਜਾਂਦੀ ਹੈ, ਜਿੱਥੇ ਉਹ ਆਪਣੀਆਂ ਦਮਨ ਇੱਛਾਵਾਂ ਦੇ ਤੀਬਰ ਰੂਪ ਵਿਚ ਉਭਰਨ ਕਾਰਨ ਵਿਕਰਾਲ ਰੂਪ ਇਖ਼ਤਿਆਰ ਕਰ ਲੈਂਦੀ ਹੈ। ਇਸ ਕਹਾਣੀ ਵਿਚ ਪਿੱਛਲਝਾਤ ਅਤੇ ਵਰਤਮਾਨ ਦਾ, ਉਤਮ ਪੁਰਖੀ ਅਤੇ ਅਨਯਪੁਰਖੀ ਸ਼ੈਲੀ ਰਾਹੀਂ ਅਨੂਠਾ ਸੁਮੇਲ ਕਰਵਾਇਆ ਗਿਆ ਹੈ। ਵਿਅਕਤੀ ਅੰਦਰ ਪੈਦਾ ਹੋਈਆਂ ਅਲਾਮਤਾਂ ਨੂੰ ਉਸ ਦੀਆਂ ਮਾਨਸਿਕ ਤੇ ਸਰੀਰਕ ਕਿਰਿਆਵਾਂ ਵਿਅਕਤ ਕਰਦੀਆਂ ਹਨ ਪਰ ਉਹਨਾਂ ਨੂੰ ਸਮਝਣ ਲਈ ਅਤੀਤ ਦਾ ਖੁਰਾ-ਖੋਜ ਭਾਲਣਾ ਪੈਂਦਾ ਹੈ। ਕਿਉਂਕਿ ਵਿਅਕਤੀ ਨੂੰ ਅਸਾਧਾਰਨ ਬਣਾਉਣ ਵਿਚ ਉਸਦੇ ਪਰਿਵਾਰਕ ਅਤੇ ਸਮਾਜਕ ਮਾਹੌਲ ਦਾ ਅਹਿਮ ਰੋਲ ਹੁੰਦਾ ਹੈ।

ਡਾ.ਹਰਿਭਜਨ ਸਿੰਘ ਅਨੁਸਾਰ:

> "ਇਹ ਸਮਾਜ ਵੀ ਖਾਸੀ ਚੀੜ੍ਹੀ ਸ਼ੈਅ ਹੈ, ਇਸਨੂੰ ਸੁਚੇਤ ਬੋਲ ਵਾਂਗ ਖ਼ਾਰਜ ਕਰ ਦਿਉ ਤਾਂ ਇਹ ਅਚੇਤ ਖ਼ਾਮੋਸ਼ੀ ਬਣ ਕੇ ਹਾਜ਼ਰ ਰਹਿੰਦੀ ਹੈ।"[6]

ਅਜਿਹੀਆਂ ਖ਼ਾਮੋਸ਼ੀਆਂ ਨੂੰ ਸਿਰਜਦਿਆਂ ਸੁਖਜੀਤ ਦੇ ਔਰਤ ਪਾਤਰ, ਮਰਦ ਵਿਰੋਧੀ ਪੈਂਤੜਾ ਅਪਣਾਉਣ ਲਈ, ਮਰਦਮੁਖੀ ਉਚਾਰ ਅਤੇ ਮੁਹਾਵਰੇ ਨੂੰ ਅਪਣਾਉਂਦਿਆਂ ਵਿਰੋਧ ਕਰਕੇ ਮੁੜ ਮਰਦਾਵੀਆਂ ਕੀਮਤਾਂ, ਪ੍ਰਵਚਨ ਅਤੇ ਵਿਹਾਰ ਦਾ ਹੁੰਗਾਰਾ ਭਰਦੇ ਹਨ। ਸੁਖਜੀਤ ਇਸ ਗੱਲੋਂ ਚੇਤੰਨ ਹੈ ਕਿ ਸਥਾਪਿਤ ਕਦਰਾਂ-ਕੀਮਤਾਂ ਨਾਰੀ ਅੰਦਰ ਵਿਕਾਰ ਪੈਦਾ ਕਰਦੀਆਂ ਹਨ। ਸਬੰਧਿਤ ਕਹਾਣੀ ਵਿਚ ਵੀ ਉਸ ਨੇ ਔਰਤ ਨਾਲ ਹੋਈ ਵਧੀਕੀ ਦੇ ਨਾਲ-ਨਾਲ ਉਸਦੇ ਕਾਰਨਾਂ ਨੂੰ ਵੀ ਪੇਸ਼ ਕੀਤਾ ਹੈ। ਉਹ ਸਿਮਰਨ ਪਾਤਰ ਦੇ ਕਾਰਜਾਂ ਵਿਚੋਂ ਹੀ ਉਸ ਦੇ ਚਰਿੱਤਰ ਦਾ ਨਿਰਮਾਣ ਕਰਦਾ ਹੈ ਜਿਸ ਕਾਰਨ ਸੰਵੇਦਨਸ਼ੀਲ ਸਿਮਰਨ ਪਾਤਰ ਦੇ ਸੰਵੇਦਨਹੀਣ ਵਿਹਾਰ ਪਿਛਲੇ ਕਾਰਨਾਂ ਦੀ ਸੂਚੀ ਮਿਲਦੀ ਹੈ ਕਿਉਂਕਿ ਸ਼ਾਂਤ ਦਿੱਖ ਰਹੀ ਸਿਮਰਨ ਅੰਦਰ ਅਸ਼ਾਂਤੀਆਂ ਦਾ ਤਾਂਡਵ ਹੈ। ਸਿਮਰਨ ਨੂੰ ਉਸ ਦੀ ਮਾਂ ਅਤੇ ਦਾਦੀ ਵਾਂਗ ਉਸਦੇ ਭੂਤ ਨੂੰ ਹੀ ਨਹੀਂ ਬਲਕਿ ਉਸਦੇ ਵਰਤਮਾਨ (ਪ੍ਰੋ.ਵਿਕਾਸ) ਅਤੇ ਭਵਿੱਖ (ਮੈਨੇਜਰ) ਨੂੰ ਵੀ ਮਰਦ ਜਾਤ (ਪਿਓ, ਭਰਾ) ਦੁਆਰਾ ਆਪਣੇ ਲਾਭ-ਹਿੱਤ ਲਈ ਵਰਤਿਆ ਜਾਂਦਾ ਹੈ। ਲੇਖਕ ਇਸ ਤਣਾਓ ਨੂੰ ਵਿਅਕਤੀਗਤ ਮਾਨਸਿਕਤਾ ਦੇ ਪ੍ਰਸੰਗ ਵਿਚੋਂ ਪੈਦਾ ਹੋਏ ਭਾਵਨਾਤਮਕ ਤੇ ਇੱਛਾਤਮਕ ਦਵੰਦਾਂ ਰਾਹੀਂ ਪੇਸ਼ ਕਰਦਾ ਹੈ। ਸਿਮਰਨ ਦਾ ਵਿਰੋਧ ਪਰੰਪਰਕ ਪਿਤਰਕੀ ਸਿਸਟਮ ਪ੍ਰਤੀ ਹੈ, ਜਿਹੜਾ ਔਰਤ ਨੂੰ ਆਪਣੀ ਮਰਜ਼ੀ ਦੀ ਗ਼ੁਲਾਮ ਬਣਾਉਂਦਾ ਹੈ। ਪਾਤਰ ਮੇਘਨਾ ਦੁਆਰਾ ਮਰਦ ਦੀ ਜੁੱਤੀ ਬਣਨ ਦੀ ਪ੍ਰਕਿਰਿਆ ਨੂੰ ਤੋੜਣ ਦਾ ਹੀਲਾ ਦਰਸਾਇਆ ਗਿਆ ਹੈ ਜਿਸ ਨੂੰ ਸਿਮਰਨ ਵਿਹਾਰਕ ਰੂਪ ਵਿਚ ਅਪਣਾਉਂਦਿਆ ਅਣਚਾਹੇ ਪਤੀ ਨੂੰ ਨਿਕਾਰਦੀ ਹੈ ਅਤੇ ਹੌਲੀ-ਹੌਲੀ ਮਰਦ ਸਤਾ ਦੀ ਸ਼ਿਕਾਰ ਹੋਈ ਸਿਮਰਨ ਖ਼ੁਦ ਵੀ ਮਰਦ ਵਿਹਾਰ ਨੂੰ ਹੀ ਆਤਮਸ਼ਾਤ ਕਰ ਲੈਂਦੀ ਹੈ।

> ਜਦੋਂ ਛਿੱਥਾ ਜਿਹਾ ਪੈਂਦਿਆਂ ਮਿਸਟਰ ਮੈਨੇਜਰ ਨੇ ਜ਼ਿੰਦਗੀ ਦੇ ਸਭ ਤੋਂ ਮਹੱਤਵਪੂਰਨ ਕਾਰਜ ਨੂੰ ਨਿਪਟਾਇਆ ਤੇ ਬਦਲਾ ਲੈਣ ਲਈ ਸਿਮਰਨ ਨੂੰ ਆਖਿਆ, "ਆਖਿਰ ਮੈਂ ਤੈਨੂੰ ਪਾ ਹੀ ਲਿਆ ਸਿਮਰਨ..।"
>
> "ਮੈਂ ਤਾਂ ਨਹੀਂ ਸਮਝਦੀ ।" ਉਦੋਂ ਉਹ ਏਨੀ ਸਹਿਜ ਸੀ ਕਿ ਖ਼ੁਦ ਉਸ ਨੂੰ ਵੀ ਹੈਰਾਨੀ ਹੋਈ ਸੀ, "ਇਹ ਕੁਝ ਤਾਂ ਮੈਂ ਤੇ ਵਿਕਾਸ ਅਕਸਰ ਹੀ ਕਰਦੇ ਸਾ"।[7]

ਨੌਕਰ/ਡਮਰੂ ਰਾਹੀਂ ਸਿਮਰਨ ਪਿਤਰਕੀ ਪ੍ਰਬੰਧ ਕੋਲੋਂ ਬਦਲਾ ਲਿਆ ਸਮਝਦੀ ਹੈ। 'ਪਰਫੈਕਟ ਮੈਨ' ਪਾਉਣ ਦੀ ਉਸ ਦੀ ਇੱਛਾ ਨੂੰ ਨਾ ਤਾਂ ਉਸਦਾ ਡਰੂ ਜਿਹਾ ਪ੍ਰੇਮੀ ਅਤੇ ਨਾ ਹੀ ਦੁਹਾਜੂ ਪਤੀ ਪੂਰਨ ਕਰ ਸਕਿਆ ਪਰੰਤੂ ਪਤੀ ਦੇ ਰਹਿਤਲ ਫਰਮਾ ਜਾਣ ਪਿੱਛੋਂ, ਉਸ ਦੀ ਚੇਤਨ ਮਨੋਦਸ਼ਾ ਨੂੰ ਅਹਿਸਾਸ ਹੋ ਜਾਂਦਾ ਹੈ ਕਿ ਪਤੀ, ਪਤੀ ਹੁੰਦਾ ਹੈ ਨਾ ਕਿ ਕੋਈ ਡਮਰੂ ਜਿਸ ਨੂੰ ਆਪਣੀ ਮਰਜ਼ੀ ਅਨੁਸਾਰ ਵਜਾਇਆ ਜਾ ਸਕੇ।

ਸੁਖਜੀਤ ਦੀਆਂ ਕਹਾਣੀਆਂ ਵਿਚ ਮਰਦ ਕੀਮਤਾਂ ਨੂੰ ਪਰਨਾਈ ਔਰਤ ਨੂੰ ਵੀ ਪੇਸ਼ ਕੀਤਾ ਗਿਆ ਹੈ। **ਹੁਣ ਮੈਂ ਇੰਜੁਆਏ ਕਰਦੀ ਹਾਂ** ਕਹਾਣੀ ਦਾ ਸੈਹਬ ਜੀ ਜਿਵੇਂ ਚੋਣਾਂ ਵਿਚੋਂ ਹਾਰ ਖਾ ਕੇ ਗਾਲਾਂ ਕੱਢਣ ਦਾ ਆਦੀ ਹੋ ਜਾਂਦਾ ਹੈ, ਇਵੇਂ ਹੀ ਇਸ ਕਹਾਣੀ ਦੀ ਮੈਂ-ਪਾਤਰ ਸੈਹਬ ਜੀ ਦੀ ਹਵਸ ਦਾ ਸ਼ਿਕਾਰ ਹੋ, ਉਸ ਜਿਹਾ ਹੀ ਗਾਲੀ ਗਲੋਚ ਵਾਲਾ ਵਿਹਾਰ ਕਰਨ ਲੱਗ ਪੈਂਦੀ ਹੈ ਕਿਉਂਕਿ ਉਹ ਜਾਣ ਜਾਂਦੀ ਹੈ ਕਿ ਮਰਦ ਦੀ ਤਾਕਤ ਉਸ ਦੀ ਜ਼ਬਾਨ

ਵਿਚ ਹੁੰਦੀ ਹੈ। ਕਹਾਣੀ ਵਿਚ ਸ਼ਬਦ 'ਰੇਪ' ਦੇ ਅਰਥ ਕੇਵਲ ਔਰਤ ਤਕ ਹੀ ਸੀਮਤ ਨਹੀਂ ਰਹਿ ਜਾਂਦੇ, ਸਗੋਂ ਲੋਕਾਂ ਦੇ ਵੱਖ-ਵੱਖ ਤਰੀਕੇ ਨਾਲ ਹੁੰਦੇ ਸ਼ੋਸ਼ਣ ਨੂੰ ਦਰਸਾਉਂਦੇ ਹਨ। ਕਹਾਣੀ ਦੀ ਮੁੱਖ ਪਾਤਰ ਦਾ ਜਦੋਂ ਆਪਣਾ ਰੇਪ ਹੁੰਦਾ ਹੈ ਤਾਂ ਉਸ ਲਈ ਰੇਪ ਦੇ ਅਰਥ ਹੋਰ ਹੁੰਦੇ ਹਨ ਪਰੰਤੂ ਜਦੋਂ ਉਹ ਡੇਰੇ ਉੱਤੇ ਕੰਟਰੋਲ ਕਰਕੇ ਸ਼ੋਸ਼ਕ ਧਿਰ ਬਣ ਜਾਂਦੀ ਹੈ ਤਾਂ ਉਸ ਲਈ ਰੇਪ ਦੇ ਅਰਥ ਬਦਲ ਜਾਂਦੇ ਹਨ ਤੇ ਇਸ ਲਈ ਹੁਣ ਉਹ ਰੇਪ ਨੂੰ ਇੰਜੁਆਏ ਕਰਨ ਲੱਗ ਪੈਂਦੀ ਹੈ। ਪਾਤਰ ਦੀ ਹਰ ਪ੍ਰਕਿਰਿਆ ਪਿੱਛੇ ਕੋਈ ਨਾ ਕੋਈ ਕਾਰਨ-ਕਾਰਜ ਵਿਦਮਾਨ ਹੁੰਦਾ ਹੈ। ਮੈਂ-ਪਾਤਰ ਦੇ ਮਾਪਿਆਂ ਦੁਆਰਾ ਉਸ ਨੂੰ ਗੁਰੂ ਘਰ ਵਿਚ ਭੇਜਣ ਪਿੱਛੇ ਉਹਨਾਂ ਦੀਆਂ ਨਿੱਜੀ ਗ਼ਰਜ਼ਾਂ ਸਨ। ਜਿਹੜੀਆਂ ਉਹਨਾਂ ਪੂਰੀਆਂ ਵੀ ਕੀਤੀਆਂ। ਇਸ ਲਈ ਮੈਂ-ਪਾਤਰ ਲਈ ਅਜਿਹਾ ਕੋਈ ਆਸਰਾ ਨਹੀਂ ਬਚਦਾ ਜਿਸ ਦੇ ਸਹਾਰੇ ਉਹ ਆਪਣੀ ਖਿਲਰੀ ਦੁਨੀਆ ਸਮੇਟ ਕੇ ਮੁੜ ਵਾਪਸੀ ਕਰ ਸਕੇ। ਹੌਲੀ-ਹੌਲੀ ਜਿਹਨਾਂ ਵਧੀਕੀਆਂ ਦਾ ਉਸਨੇ ਜ਼ੁਲਮ ਸਹਿਆ ਸੀ, ਉਹ ਵਧੀਕੀਆਂ ਕਰਕੇ ਉਹ ਆਪਣੀ ਗੁਰੂ ਘਰ ਉੱਤੇ ਮਾਲਕੀ ਸਥਾਪਿਤ ਕਰ ਲੈਂਦੀ ਹੈ। ਅਸਲ ਵਿਚ ਉਹ ਸੈਹਬ ਜੀ ਦਾ ਇਸਤਰੀ ਰੂਪ ਹੀ ਬਣ ਜਾਂਦੀ ਹੈ ਜਾਂ ਕਹਿ ਲਵੋ ਕਿ ਉਸ ਦੇ ਇਸਤਰੀ ਰੂਪ ਵਿਚ ਸੈਹਬ ਜੀ ਵਿਦਮਾਨ ਹੋ ਜਾਂਦਾ ਹੈ। ਕਿਉਂਕਿ ਉਸ ਦੀ ਸਲੈਂਗ ਭਾਸ਼ਾ ਤੇ ਬਹਾਦਰੀ ਨੂੰ ਸਲਾਹੁੰਦਾ ਸੈਹਬ ਜੀ ਵੀ ਅਸਲ ਵਿਚ ਉਸ ਵਰਗੀ ਔਰਤ ਹੀ ਭਾਲਦਾ ਹੈ। ਉਸ ਦੀ ਦਮਿਤ ਤੇ ਜ਼ਖਮੀ ਮਾਨਸਿਕਤਾ ਹਕੀਕਤਾਂ ਵਿਚੋਂ ਗੁਜ਼ਰ ਕੇ ਜਦੋਂ ਮਰਦਮੁਖੀ ਹੱਥਕੰਡੇ ਅਪਨਾਉਂਦੀ ਹੈ ਤਾਂ ਸਵੈ-ਵਿਰੋਧ ਦਾ ਸ਼ਿਕਾਰ ਹੋ ਜਾਂਦੀ ਹੈ। ਕਾਮਰੇਡ ਦੇ ਪੁੱਤਰ ਸਮੀਰ ਦੀ ਆਮਦ ਨਾਲ ਉਸ ਦਾ ਜ਼ਮੀਰ ਸੁਆਲ ਖੜ੍ਹੇ ਕਰਦਾ ਹੈ ਪਰ ਉਸ ਦੀ ਬਦਲਾ ਲੂ ਬਿਰਤੀ (ਸੈਹਬ ਜੀ ਦੀ ਜਵਾਨ ਧੀ ਅਤੇ ਸਮੀਰ ਦੀ ਮੰਗੇਤਰ ਗੁਰਜੋਤ ਨੂੰ ਖੇਹ ਖੁਵਾਹ ਕਰਨ ਦੀ ਵਿਉਂਤ) ਤਹਿਤ ਦੋਹਾਂ ਵਿਚ ਅਣ-ਬਣ ਹੋ ਜਾਂਦੀ ਹੈ।

> ਮੈਂ ਕਦੋਂ ਕੈਹਨੀਆਂ ਸਾਲਿਆ ਕਿ ਜੀਹਦੇ ਨਾਲ 'ਰੇਪ' ਹੁੰਦੈ ਓਹ ਇੰਜੁਆਏ ਕਰਦੈ। ਮੈਂ ਕੈਹਨੀਆਂ ਕਿ ਜਿਹੜਾ ਰੇਪ ਕਰਦੈ ਓਹ ਇੰਜੁਆਏ ਕਰਦੈ ਤੇ ਅੱਜਕਲ੍ਹ ਮੈਂ ਖ਼ੁਦ ਰੇਪ ਕਰਦੀ ਆਂ ਤੇ ਰੇਪ ਨੂੰ ਇੰਜੁਆਏ ਕਰਦੀ ਆਂ ਹੋਰ ਕਿੰਨਾ ਕੁੱਝ ਇੰਜੁਆਏ ਕਰਦੀ ਓਹ ਦੱਸਦੀਆਂ ਤੈਨੂੰ ਆ ਕੇ..ਅੱਜ ਟੱਕਰਦੀਆਂ ਤੈਨੂੰ ਭੈਣ ...।[8]

ਬਹੁਤੰਦੀ ਪ੍ਰਵਚਨ ਦੀ ਇਹ ਕਹਾਣੀ ਡੇਰਿਆਂ ਅੰਦਰਲੇ ਸੱਚ ਨੂੰ ਨੰਗਿਆਂ ਕਰਦਿਆਂ, ਸਾਧ ਤੇ ਸੰਗਤ ਦੇ ਕਿਰਦਾਰ ਨੂੰ ਵੀ ਸਾਹਮਣੇ ਲਿਆਉਂਦੀ ਹੈ ਕਿ ਕਿਵੇਂ ਇਹਨਾਂ ਡੇਰਿਆਂ ਵਿਚ ਧਰਮ ਦੇ ਨਾਂ ਤੇ ਮਨੁੱਖਾਂ/ਔਰਤਾਂ ਦਾ ਸ਼ੋਸ਼ਣ ਹੁੰਦਾ ਹੈ ਅਤੇ ਸੰਗਤ ਰੂਪੀ ਲੋਕਾਈ ਵੀ ਆਪਣੀਆਂ ਲੋੜਾਂ ਦੀ ਪੂਰਤੀ ਲਈ ਧੀਆਂ ਨੂੰ ਨਰਕੀ-ਕੁੰਭ ਵਿਚ ਧਕੇਲ ਦਿੰਦੀ ਹੈ। ਡੇਰਾਵਾਦ ਅਤੇ ਅੰਧਵਿਸ਼ਵਾਸ ਦਾ ਸੁਮੇਲ **ਮੋਨ ਦੀ ਬਾਬਾ ਦਾਰਾ** ਕਹਾਣੀ ਵਿਚ ਵੀ ਮਿਲਦਾ ਹੈ। ਕਹਾਣੀ ਵਿਚਲਾ ਕਰਮਚੰਦ ਆਪਣੀ ਮੌਨ ਧਾਰਨ ਦੀ ਧਾਰਮਿਕ ਰੀਤ ਦੇ ਤਹਿਤ ਭੁਲੇਖੇ ਨਾਲ ਸੀਰੀ ਦੇ ਦੋਹਤੇ ਦਾਰੇ ਨੂੰ ਮਰਵਾ ਦਿੰਦਾ ਹੈ, ਜਿਹੜਾ ਕਿ ਉਸ ਦੇ ਆਪਣੇ ਦੋਹਤੇ ਤਾਰੇ ਦਾ ਜਿਗਰੀ ਯਾਰ ਹੁੰਦਾ ਹੈ। ਇਸ ਵਰਤਾਰੇ ਨੂੰ ਅੱਖੀਂ ਦੇਖ ਕੇ ਤਾਰਾ ਸਦਾ ਲਈ ਪਾਗਲ ਹੋ ਜਾਂਦਾ ਹੈ।

**ਪਾਤਸ਼ਾਹ** ਕਹਾਣੀ ਵਿਚ ਸੁਖਜੀਤ ਨੇ ਡੇਰੇ ਦੇ ਵਿਸਤਰਿਤ ਰੂਪ ਨੂੰ ਖੰਡਨਮਈ ਰੁਚੀ ਦੇ ਤਹਿਤ ਪੇਸ਼ ਕੀਤਾ ਹੈ। ਸਿਉਂਕ ਦੀ ਤਰ੍ਹਾਂ ਸਮਾਜ ਨੂੰ ਅੰਦਰੋਂ ਖੋਖਲਾ ਕਰ ਰਿਹਾ ਡੇਰਾਵਾਦ ਧਰਮ ਦੀ ਆੜ ਵਿਚ ਲੋਕਾਂ ਨੂੰ ਦੁੱਖਾਂ ਤੋਂ ਨਿਜਾਤ ਦਿਵਾਉਣ ਦਾ ਫ਼ਰੇਬ ਰਚਾ ਕੇ, ਲੋਕ ਮਾਨਸਿਕਤਾ ਨੂੰ ਆਪਣੇ ਨਿੱਜੀ ਹਿੱਤਾਂ ਲਈ ਵਰਤਣ ਤੋਂ ਗੁਰੇਜ਼ ਨਹੀਂ ਕਰਦਾ ਹੈ। ਇਹਨਾਂ ਧਾਰਮਿਕ ਸਥਾਨਾਂ ਦੇ ਸੰਚਾਲਕ ਬਹੁਕੀਮਤੀ ਅਤੇ ਸੁੰਦਰ ਸਜਾਵਟੀ ਤਖ਼ਤਾਂ 'ਤੇ ਬਿਰਾਜੇ, ਪਵਿੱਤਰ ਮਨੁੱਖ ਹੋਣ ਦਾ ਦੰਭ ਰਚਦਿਆਂ ਆਪਣੀ ਸਫ਼ੈਦਪੋਸ਼ੀ ਦੇ ਓਹਲੇ ਵਿਚ ਧਰਮ ਸਥਾਨਾਂ ਨੂੰ ਭ੍ਰਿਸ਼ਟ ਕਾਰਜਾਂ ਦੇ ਅੱਡੇ ਵਜੋਂ ਵਰਤ ਰਹੇ ਹਨ। ਸੰਗਤ ਦੇ ਜ਼ਿਹਨ ਅੰਦਰ ਉਹਨਾਂ ਦੀ ਛਵ੍ਹੀ ਮਹਾਂਪੁਰਸ਼ਾਂ ਵਾਲੀ ਹੈ ਪਰ ਇਹ ਉਹ ਦਾਨਵ ਹਨ, ਜਿਹੜੇ ਸਭ ਕੁਝ ਭਖ ਜਾਂਦੇ ਹਨ। ਸਬੰਧਿਤ ਕਹਾਣੀ ਵਿਚ ਇਸ ਪਾਖੰਡ ਦੇ ਅਡੰਬਰ ਨੂੰ ਡੇਰਾ ਕਲਚਰ ਦੇ ਅੰਦਰੂਨੀ ਕੋਹਜ ਦੀਆਂ ਬਦ-ਫੈਲੀਆਂ ਰਾਹੀਂ ਪੇਸ਼ ਕੀਤਾ ਗਿਆ ਹੈ। ਕਹਾਣੀਕਾਰ ਨੇ ਕਹਾਣੀ ਦੇ ਸ਼ੁਰੂ ਵਿਚ ਹੀ ਮਾਸਟਰ ਅਜੈਬ ਸਿੰਘ ਦੇ ਸੰਗਲਾਂ ਵਿਚ ਨਰੜੇ ਹੋਣ ਦਾ ਦੱਸ ਕੇ ਇਸ ਘਟਨਾ ਦੀ ਸੰਪੂਰਨ ਜਾਣਕਾਰੀ ਪ੍ਰਦਾਨ ਕੀਤੀ ਹੈ। ਹਰਖ-ਸੋਗ ਰਹਿਤ ਹੋਇਆ ਅਜੈਬ ਸਿੰਘ ਦਾ ਬਾਪ ਅਮਰ ਸਿੰਘ, ਆਪਣੀ ਉਹ ਜ਼ਮੀਨ ਡੇਰੇ ਨੂੰ ਚੜ੍ਹਾਉਣ ਦਾ ਫ਼ੈਸਲਾ ਕਰ ਲੈਂਦਾ ਹੈ, ਜਿਸ ਜ਼ਮੀਨ ਪਿੱਛੇ ਉਹ ਕਈ ਵਾਰ ਸ਼ਰੀਕਾਂ ਨਾਲ ਖੈਬੜਿਆ ਸੀ। ਬਾਪ ਨੂੰ ਇਸ ਕਰਮ ਤੋਂ ਹੋੜਨ ਲਈ, ਡੇਰੇ ਉਸ ਨੂੰ ਮਿਲਣ ਗਿਆ ਅਜੈਬ ਸਿੰਘ, ਡੇਰੇ ਵਾਲਿਆਂ ਦੀ ਚਾਲ ਦਾ ਸ਼ਿਕਾਰ ਹੋ ਸੰਗਲਾਂ ਵਿਚ ਬੰਨ੍ਹਿਆ ਜਾਂਦਾ ਹੈ ਤਾਂ ਜੋ ਕਿ ਜ਼ਮੀਨ ਦੀ ਰਜਿਸਟਰੀ ਹੋਣ ਤਕ ਉਹ ਕੋਈ ਹੀਲਾ ਵਸੀਲਾ ਨਾ ਕਰ ਸਕੇ। ਸਭ ਪਾਸਿਓਂ ਮੁਰਛਿਤ ਹੋਏ ਅਜੈਬ ਸਿੰਘ ਵਿਚ ਉਸ ਦਾ ਹੀ ਸਾਬਕਾ ਵਿਦਿਆਰਥੀ ਸੁਖਵਿੰਦਰ, ਜਿਹੜਾ ਕਿ ਆਪ ਅਜਿਹੇ ਜਾਲ ਵਿਚ ਫਸਿਆ ਸੀ, ਮੁੜ ਤੋਂ ਹੌਸਲਾ ਭਰਦਾ ਹੈ ਕਿ


www.sanvad.org
ISSN : 2395-1273

ਉਹ ਪਾਤਸ਼ਾਹ ਅੱਗੇ ਫ਼ਰਿਆਦ ਕਰਨ ਦੀ ਥਾਂ ਆਪਣੇ ਹੱਕ ਨੂੰ ਪਹਿਚਾਣੇ, ਜਿਸ ਕਾਰਨ ਪ੍ਰਸਥਿਤੀ ਤੋਂ ਬਲਸ਼ਾਲੀ ਢੰਗ ਨਾਲ ਬਾਹਰ ਨਿਕਲਦਾ ਹੋਇਆ ਅਜੈਬ ਸਿੰਘ ਡੇਰੇ ਵਾਲਿਆਂ ਮੂਹਰੇ ਦਹਾੜ ਪੈਂਦਾ ਹੈ;

> "ਗੱਲ ਸੁਣ ਛੋਟੇ ਪਾਤਸ਼ਾਹ, ਜਾਹ ਕਹਿਦੇ ਆਪਣੇ ਓਸ ਵੱਡੇ ਪਾਤਸ਼ਾਹ ਨੂੰ ਕਿ ਪਾਤਸ਼ਾਹ ਉਹ ਨਹੀਂ ਮੈਂ ਹਾਂ, ਮੈਂ। ਕਹਿਦੇ ਉਸ ਨੂੰ ਕਿ ਸਿਰਫ਼ ਰਜਿਸਟਰੀ ਕਰਾਉਣ ਨਾਲ ਜ਼ਮੀਨ ਉਹਦੀ ਨਹੀਂ ਹੋ ਗਈ। ਦੇਖੂ ਮੈਂ ਉਹਦਾ ਕਿਹੜਾ ਟਰੈਕਟਰ ਐਸ ਪਾਤਸ਼ਾਹ ਦੀ ਹਿੱਕ ਤੋਂ ਲੰਘ ਕੇ ਜ਼ਮੀਨ 'ਚ ਜਾਊ।" ਕਹਿੰਦਾ ਉਹ ਹਿੱਕ ਥਾਪੜਦਾ ਹੋਇਆ ਪਾਤਸ਼ਾਹ ਵਾਲੀ ਸ਼ਾਨ ਨਾਲ ਕਿਲੇ ਵਰਗੀ ਕੁਟੀਆ ਵਿਚੋਂ ਬਾਹਰ ਨੂੰ ਤੁਰ ਪਿਆ।[9]

ਸੁਖਜੀਤ ਦੀਆਂ ਕਹਾਣੀਆਂ ਮੰਡੀਵਾਦ ਦੇ ਪਸਾਰੇ ਨੂੰ ਵੀ ਆਪਣੇ ਘੇਰੇ ਵਿਚ ਲੈਂਦੀਆਂ ਹਨ। **ਆਟੋ ਨੰਬਰ 420** ਵਿਚਲਾ ਕੇਂਦਰੀ ਪਾਤਰ ਅਚਾਨਕ ਵਾਪਰੀ ਘਟਨਾ ਤੋਂ ਭੈਭੀਤ ਹੋ ਕੇ ਸੰਘਣੇ ਜੰਗਲ ਵਿਚ ਜਾ ਵੜਦਾ ਹੈ ਅਤੇ ਉੱਥੇ ਕਈ ਦਿਨ ਗੁਜਾਰਨ ਮਗਰੋਂ ਅਜਿਹੇ ਕੁਦਰਤੀ ਤੱਤਾਂ ਵਾਲੇ ਖ਼ੂਨ ਦਾ ਮਾਲਕ ਬਣ ਜਾਂਦਾ ਹੈ ਜਿਸ ਵਿਚ ਏਡਜ਼ ਵਰਗੇ ਲਾ-ਇਲਾਜ ਰੋਗ ਨੂੰ ਮਾਤ ਪਾਉਣ ਦੀ ਸ਼ਮਤਾ ਹੁੰਦੀ ਹੈ ਪਰੰਤੂ ਵਾਪਸ ਸ਼ਹਿਰੀ ਮਾਹੌਲ ਵਿਚ ਆ ਕੇ ਉਸ ਦੀ ਇਹ ਸਮਰੱਥਾ ਅਲੋਪ ਹੋ ਜਾਂਦੀ ਹੈ। ਇਹ ਕਹਾਣੀ ਮਨੁੱਖ ਨੂੰ ਵੱਧ ਤੋਂ ਵੱਧ ਪ੍ਰਕਿਰਤੀ ਨਾਲ ਜੁੜੇ ਰਹਿਣ ਦੀ ਤਾਕੀਦ ਕਰਦੀ ਹੋਈ, ਸਮਾਜ ਦੇ ਹਰ ਪੱਧਰ ਉੱਤੇ ਫੈਲੀ 420 ਕਰਨ ਦੀ ਪ੍ਰਕਿਰਿਆ ਉੱਤੇ ਵਿਅੰਗ ਕਰਦੀ ਹੈ। **ਦਾਅ** ਕਹਾਣੀ ਵਿਚਲੇ ਗਿੰਦੇ ਭਲਵਾਨ ਨੂੰ ਉਸਦੇ ਪੁੱਤ ਦੀ ਸਿਹਤ ਠੀਕ ਕਰਵਾਉਣ ਦਾ ਵਾਸਤਾ ਪਾ ਕੇ ਮਾੜਚੂ ਪਰ ਅਮੀਰ ਮਲਕੀਤ ਸਿੰਘ ਕੋਲੋਂ ਹਾਰ ਖਾਣ ਲਈ ਮਨਵਾਇਆ ਜਾਂਦਾ ਹੈ। ਡਾਕਟਰੀ ਪੇਸ਼ੇ ਦੇ ਵਪਾਰੀਕਰਨ ਦੀ ਨੀਤੀ ਪੇਸ਼ ਕਰਦੀ **ਮਾਰਕੀਟ** ਕਹਾਣੀ ਵਿਚ ਦਰਸਾਇਆ ਗਿਆ ਹੈ ਕਿ ਕਿਵੇਂ ਡਾਕਟਰ ਬੱਚਾ ਗੋਦ ਲੈਣ ਵਾਲੇ ਜੋੜਿਆਂ ਦੀ ਮਾਨਸਿਕਤਾ ਦਾ ਲਾਭ ਉਠਾਉਂਦਿਆਂ ਹੋਇਆਂ, ਬਲਾਤਕਾਰ ਹੋ ਚੁੱਕੀ ਨਾਬਾਲਗ ਕੁੜੀ ਉੱਤੇ ਦੋਹਰਾ ਸ਼ੋਸ਼ਣ ਕਰਦੇ ਹਨ। ਕਹਾਣੀ ਦੇ ਸ਼ੁਰੂ ਵਿਚ ਹਸਪਤਾਲ ਵਿਚ ਲੱਗੀ ਈਮਾਨਦਾਰ ਡਾ. ਤੂਰ ਦੀ ਤਸਵੀਰ ਦਾ ਧੂੜ ਨਾਲ ਲਿਬੜੀ ਹੋਣਾ ਬੇਈਮਾਨੀ ਦਾ ਸੰਕੇਤ ਕਰਦਾ ਹੈ।

ਸੁਖਜੀਤ ਕਹਾਣੀਆਂ ਵਿਚ ਕਾਮਰੇਡੀ ਪਰਿਪੇਖ ਦਾ ਉਘੜਵਾਂ ਰੂਪ ਪੇਸ਼ ਹੋਇਆ ਹੈ। **ਤੀਲ੍ਹਾ** ਕਹਾਣੀ ਦਾ ਪਾਤਰ ਆਪਣਾ ਧਨ, ਮਨ, ਤਨ ਇਨਕਲਾਬ ਤੋਂ ਵਾਰ ਕੇ ਖ਼ਾਲੀ ਹੱਥ ਹੋਇਆ ਵੀ ਨਿਰਾਸ਼ ਨਹੀਂ ਹੁੰਦਾ ਕਿਉਂਕਿ ਉਸ ਨੂੰ ਗਿਆਤ ਹੈ ਕਿ ਉਸਦਾ ਪਾਇਆ ਯੋਗਦਾਨ ਬੇਸ਼ੱਕ ਤੀਲ੍ਹਾ ਮਾਤਰ ਹੀ ਹੈ ਪਰ ਤੀਲ੍ਹੇ ਵੀ ਅੱਗ ਦੇ ਭਾਬੜ ਬਣਾਨ ਵਿਚ ਮਦਦਗਾਰ ਸਾਬਤ ਹੁੰਦੇ ਹਨ। ਕਾਮਰੇਡ ਕਦੇ ਐਕਸ ਨਹੀਂ ਹੁੰਦੇ ਪੱਖ ਨੂੰ **ਮੱਥੇ ਦੇ ਵਲ਼** ਕਹਾਣੀ ਵਿਚ ਬਾਖ਼ੂਬੀ ਪੇਸ਼ ਕੀਤਾ ਗਿਆ ਹੈ ਕਿ ਕਿਵੇਂ ਨਾ ਚਾਹੁੰਦੇ ਹੋਇਆਂ ਵੀ ਇਕ ਸਾਬਕਾ ਕਾਮਰੇਡ ਵੀ ਆਪਣੇ ਅੰਦਰੋਂ ਉੱਚੇ ਆਦਰਸ਼ਾਂ ਨੂੰ ਮਿਟਾਅ ਨਹੀਂ ਸਕਦਾ। ਕਹਾਣੀ ਦਾ ਮੈਂ-ਪਾਤਰ ਕਮਿਊਨਿਸਟ ਪਾਰਟੀ ਦੀ ਮੈਂਬਰੀ ਤਿਆਗ ਕੇ ਆਪਣੇ ਆਪ ਨੂੰ ਨਾਨ-ਕਾਮਰੇਡ ਕਹਿੰਦਾ ਹੈ ਪਰ ਉਸ ਅੰਦਰੋਂ ਕਾਮਰੇਡ ਦੇ ਅਸਲ ਮਨਸ਼ੇ ਕਦੇ ਖਾਰਜ਼ ਨਹੀਂ ਹੁੰਦੇ ਹਨ। **ਖਜੂਰਾਂ** ਕਹਾਣੀ ਵਿਚ ਖ਼ਾਲਸੇ ਤੇ ਕਾਮਰੇਡ ਦੇ ਸੱਚੇ ਆਦਰਸ਼ਾਂ ਦੀ ਬਾਤ ਪਾਈ ਗਈ ਹੈ ਕਿ ਦੋਵੇਂ ਲੋਕ ਭਲਾਈ ਲਈ ਹਮੇਸ਼ਾਂ ਤਤਪਰ ਰਹੇ ਹਨ ਪਰੰਤੂ ਜੱਗ ਇਹਨਾਂ ਦੀ ਬਾਤ ਨਹੀਂ ਪਾਉਂਦਾ ਜਿਸ ਦਾ ਕਾਰਨ ਲੱਭਣ ਤੋਂ ਦੋਵੇਂ ਅਸਮਰੱਥ ਹਨ। ਕਹਾਣੀ ਦਾ ਮਨਸ਼ਾ ਦੋਹਾਂ ਦੀ ਇਕਜੁਟਤਾ ਤੋਂ ਪੈਦਾ ਹੋਈ ਅਜਿਹੀ ਸ਼ਕਤੀ ਨਾਲ ਹੈ, ਜਿਹੜੀ ਹਰ ਪ੍ਰਕਾਰ ਦੀ ਸਮਾਜਕ ਬੁਰਾਈ ਉੱਤੇ ਡਾਂਗ ਵਰਾਈ ਕਰ ਸਕਦੀ ਹੈ।

> "ਥੋਡੇ ਵੱਲ ਝੰਡੇ ਹੈਗੇ ਗੋਰਕੀ?" ਦਲਮੇਘ ਨੇ ਪੁੱਛਿਆ ਤਾਂ ਗੋਰਕੀ ਬੋਲਿਆ,
> "ਹੈਗੇ, ਪਰ ਸਾਰੇ ਲਾਲ ਰੰਗ ਦੇ ਨੇ।"
> ਦਲਮੇਘ ਕਹਿੰਦਾ, "ਰੰਗ ਦਾ ਕੋਈ ਨਹੀਂ ਵਿਚ ਡਾਂਗ ਤਕੜੀ ਚਾਹੀਦੀ ਆ।"[10]

ਅਨਿਸ਼ਚਿਤਾਵਾਂ ਦੇ ਬਿਰਤਾਂਤ ਨੂੰ ਦਰਸਾਉਂਦੀ **ਅੰਤਰਾ** ਕਹਾਣੀ ਵਿਚ ਸੁਖਜੀਤ ਨੇ ਫ਼ਿਲਾਸਫ਼ੀ ਵਿਸ਼ੇ ਨੂੰ ਕਥਾ ਵਿਚ ਢਾਲ ਕੇ ਪੇਸ਼ ਕਰਨ ਦਾ ਉਤਮ ਯਤਨ ਕੀਤਾ ਹੈ। ਜ਼ਿੰਦਗੀ ਮੌਤ ਵਰਗੇ ਮਨੁੱਖੀ ਜੀਵਨ ਦੇ ਦੋ ਪਾਸਿਆਂ ਨੂੰ ਆਧਾਰ ਬਣਾ ਕੇ ਉਸਨੇ ਆਪਣੇ ਡੂੰਘੇ ਅਧਿਅਨ ਦੀ ਵਿਦਵਤਾ ਦਿਖਾਈ ਹੈ। ਕਹਾਣੀ ਦਾ ਇਕ-ਇਕ ਸੰਵਾਦ ਸੰਜੀਦਗੀ ਪੈਦਾ ਕਰਨ ਵਾਲਾ ਹੈ। ਜਿਸ ਨੂੰ ਵਾਰ-ਵਾਰ ਵਿਚਾਰਿਆ ਜਾ ਸਕਦਾ ਹੈ।

**ਅਹੋਲਿਆ** ਅਪਾਹਜ ਕੁੜੀ ਦੀ ਕੁਝ ਪਲਾਂ ਦੀ ਖ਼ੁਸ਼ੀ ਨਾਲ ਸਬੰਧਿਤ ਕਹਾਣੀ ਹੈ, ਜਿਹੜੀ ਕਿਸੇ ਰਾਜਕੁਮਾਰ ਦੀ ਪਿਆਰ ਛੂਹ ਲਈ ਤਰਸਦੀ ਹੈ। ਅਚਾਨਕ ਮਿਥੁਨ ਨਾਂ ਦੇ ਆਏ ਖ਼ਤ ਤੋਂ ਉਸ ਵਿਚ ਕੁਝ ਹਿਲਜੁਲ ਹੁੰਦੀ ਹੈ ਪਰੰਤੂ ਅੰਤ ਆਪਣਾ ਇਹ ਭਰਮ ਟੁੱਟਣ 'ਤੇ ਉਹ ਫਿਰ ਤੋਂ ਪੱਥਰ ਦੀ ਸਰਾਪੀ ਜਾਂਦੀ ਹੈ। **ਡੰਗ** ਕਹਾਣੀ ਦਾ ਮੁੱਖ-ਪਾਤਰ ਭੁਲੇਖੇ ਵੱਸ ਆਪਣੀ ਮਨ-ਪਸੰਦ ਕੁੜੀ ਦੇ ਚਰਿੱਤਰ ਉੱਤੇ ਸ਼ੱਕ ਕਰ ਉਸ ਨੂੰ ਸਦਾ ਲਈ

ਗੁਆ ਲੈਂਦਾ ਹੈ। ਪਹਿਲਾਂ ਡੰਗ ਉਸ ਨੂੰ ਉਦੋਂ ਵੱਜਦਾ ਹੈ, ਜਦੋਂ ਉਹ ਦਲਜੀਤ ਦੇ ਪਰਸ ਵਿਚ ਨਿਰੋਧ ਦੀ ਡੱਬੀ ਦੇਖਦਾ ਹੈ ਅਤੇ ਦੂਜਾ ਡੰਗ ਉਸ ਨੂੰ ਉਦੋਂ ਵੱਜਦਾ ਹੈ, ਜਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਉਹ ਪਰਸ ਦਲਜੀਤ ਦਾ ਨਹੀਂ ਸ਼ਾਂਤਾ ਦਾ ਸੀ। **ਫੋਟੋ ਵਿਚਲੀ ਕੁੜੀ** ਕਹਾਣੀ ਜ਼ਿੰਦਗੀ ਵਿਚ ਹਰ ਪ੍ਰਕਾਰ ਦੀ ਉਡੀਕ ਦੁਆਲੇ ਘੁੰਮਦੀ ਦਿਖਾਈ ਗਈ ਹੈ। **ਨੌ ਯੁੱਗ** ਕਹਾਣੀ ਵਿਚ ਦੰਪਤੀ ਜੋੜੇ ਨੂੰ ਵਹਿਮ-ਭਰਮਾਂ ਦੇ ਜਾਲ ਵਿਚ ਉਲਝਦੇ ਅਤੇ ਨਿਕਲਦੇ ਦਿਖਾਇਆ ਗਿਆ ਹੈ। **ਸਿੰਗਲ ਮਾਲਟ ਸੁਰਖ ਨਹੀਂ ਹੁੰਦੀ** ਕਹਾਣੀ ਵਿਚ ਜਾਸੂਸੀਕਰਨ ਦੇ ਆਮ ਸੁਣੇ ਜਾਂਦੇ ਪੱਖ ਤੋਂ ਉਲਟ ਵਰਤਾਰੇ ਨੂੰ ਦਰਸਾਇਆ ਗਿਆ ਹੈ ਕਿ ਕਿਵੇਂ ਇਕ ਕਸ਼ਮੀਰਨ ਜਾਸੂਸੀ ਔਰਤ, ਮੈਂ-ਪਾਤਰ ਦੇ ਪੂਰੇ ਪਰਿਵਾਰ ਨੂੰ ਇਕ ਅਤਿ ਖ਼ਤਰਨਾਕ ਵਰਤਾਰੇ ਵਿਚੋਂ ਕੱਢ ਕੇ ਸਹੀ ਸਲਾਮਤ ਘਰੇ ਪਹੁੰਚਾਉਂਦੀ ਹੈ।

ਇਸ ਪ੍ਰਕਾਰ ਪਾਠਕ ਨੂੰ ਟੁੰਭਣ ਲਈ ਅਗਾਂਹੂ ਸੂਚਨਾ ਅਤੇ ਅਤੀਤ ਝਾਤੀ, ਸੰਸਮਰਣ ਤੇ ਸਿਮ੍ਰਤੀਆਂ, ਕਟਾਖ਼ਸ਼ ਤੇ ਸੰਵਾਦ, ਲੁਕਾਓ ਤੇ ਪ੍ਰਗਟਾਓ, ਮੌਕਾ-ਮੇਲ ਤੇ ਵਿਸਾਹ ਸਿਰਜਣਾ ਦੀਆਂ ਬਿਰਤਾਂਤਕ ਜੁਗਤਾਂ ਨੂੰ ਕਾਰਗਰ ਤਰੀਕੇ ਨਾਲ ਵਰਤਣ ਵਿਚ ਸੁਖਜੀਤ ਸਫਲ ਰਿਹਾ ਹੈ। ਜਿੱਥੇ ਉਹ ਖੜ੍ਹੋ ਕੇ ਮਠਾਰਨ ਦੀ ਜੁਗਤ ਵਰਤਦਾ ਹੈ, ਉੱਥੇ ਸ਼ਬਦ ਲੋਪ ਰਾਹੀਂ ਵੱਡੇ ਬਿਰਤਾਂਤ ਨੂੰ ਕੁਝ ਕੁ ਪੰਗਤੀਆਂ ਵਿਚ ਹੀ ਸਮੋ ਕੇ ਕਹਾਣੀ ਰਹੱਸ ਵੀ ਪੈਦਾ ਕਰਦਾ ਹੈ। ਉਸ ਦੀਆਂ ਜ਼ਿਆਦਾਤਰ ਕਹਾਣੀਆਂ ਦਾ ਘਟਨਾਕ੍ਰਮ ਮੈਂ-ਪਾਤਰ ਰੂਪ ਵਿਚ ਹੁੰਦਾ ਹੈ ਕਿਉਂਕਿ ਉਹ ਕਹਾਣੀ ਨੂੰ ਅੰਤਰੀਵੀ ਫੋਕਸੀਕਰਨ ਦੇ ਤਹਿਤ ਹੱਡ ਬੀਤੀ ਦੱਸਣ ਦਾ ਭਰਮ ਸਿਰਜਦਾ ਹੈ। ਇਕ ਪਲ ਵਿਚ ਹੀ ਰਚਨਾ ਸਥਿਤੀ ਨੂੰ ਬਿਆਨ ਕਰ ਦਿੰਦੀ ਸੁਖਜੀਤ ਦੁਆਰਾ ਵਰਤੀ ਅਗਰਭੂਮੀ ਦੀ ਵਿਧੀ ਕਹਾਣੀ ਮਨਸ਼ੇ ਨੂੰ ਸਿੱਧ ਕਰ ਦਿੰਦੀ ਹੈ। ਇਸ ਪ੍ਰਕਾਰ ਸੁਖਜੀਤ ਦੇ ਯਥਾਰਥਕ ਛੋਹਾਂ ਵਾਲੇ ਪਾਤਰ ਪ੍ਰਤੀਕੂਲ ਸਥਿਤੀਆਂ ਨੂੰ ਅਨੁਕੂਲ ਬਣਉਣ ਦੀ ਸਮਰੱਥਾ ਰੱਖਦੇ ਹੋਏ, ਸਥਾਪਿਤ ਕੀਮਤਾਂ ਦਾ ਭੰਜਨ ਕਰਕੇ ਉਹਨਾਂ ਦੀ ਮੁੜ ਉਸਾਰੀ ਜਾਂ ਪੁਨਰ ਸਿਰਜਣਾ ਕਰਦੇ ਹਨ। ਉਹ ਅੰਤ ਤੋਂ ਕਹਾਣੀ ਸ਼ੁਰੂ ਕਰ ਕੇ ਵਾਪਰ ਚੁੱਕੀ ਘਟਨਾ ਤੋਂ ਬਾਅਦ ਬਿਰਤਾਂਤ ਸ਼ੁਰੂ ਕਰਦਾ ਹੈ ਤੇ ਉਸ ਘਟਨਾ ਦੇ ਪ੍ਰਭਾਵ ਨੂੰ ਸਿੱਧਾ ਪੇਸ਼ ਕਰਨ ਉਪਰੰਤ ਉਸ ਦੇ ਕਾਰਨਾਂ ਨੂੰ ਸਪੱਸ਼ਟ ਕਰਦਾ ਹੈ। ਉਹ ਘਟਨਾ ਨੂੰ ਇਕ ਨੁਕਤੇ ਤੋਂ ਵਿਉਂਤਦਾ ਹੈ ਅਤੇ ਕਹਾਣੀ ਵਿਚਲੀ ਪਾਤਰ ਦੀ ਜ਼ਿੰਦਗੀ ਨਾਲ ਜੁੜੇ ਵੱਖ-ਵੱਖ ਪਸਾਰਾਂ ਨੂੰ ਪਿੱਛਲਝਾਤ ਰਾਹੀਂ ਅਤੀਤ ਤੇ ਵਰਤਮਾਨ ਦਾ ਸੰਯੋਜਨ ਕਰਦਿਆਂ, ਉਹਨਾਂ ਦੇ ਪਾਤਰ ਮਾਨਸਿਕਤਾ ਉੱਤੇ ਪਏ ਪ੍ਰਭਾਵਾਂ ਨੂੰ ਸਿਰਜਦਾ ਹੈ। ਉਸ ਨੇ ਕੋਝੇ ’ਤੇ ਕਰੂਰ ਯਥਾਰਥ ਨੂੰ ਸਮਾਜ-ਸਭਿਆਚਾਰਕ ਤੌਰ ’ਤੇ ਅਸਭਿਆ ਸਮਝੀ ਜਾਂਦੀ ਭਾਸ਼ਾ ਰਾਹੀਂ ਬਿਆਨ ਕੀਤਾ ਹੈ।

ਉਪਰੋਕਤ ਵਿਸ਼ਲੇਸ਼ਣ ਉਪਰੰਤ ਕਿਹਾ ਜਾ ਸਕਦਾ ਹੈ ਕਿ ਸੁਖਜੀਤ ਨੇ ਪੂਰੀ ਦਲੇਰੀ ਨਾਲ ਡੇਰਾਵਾਦ ਅਤੇ ਸਮਾਜ ਦੇ ਦੋਗਲੇ ਚਿਹਰੇ ਦਾ ਪਰਦਾਫਾਸ਼ ਕਰਨ ਦੇ ਨਾਲ-ਨਾਲ ਰਿਸ਼ਤਿਆਂ ਦੀਆਂ ਪ੍ਰਚਲਿਤ ਧਾਰਨਾਵਾਂ ਨੂੰ ਵੀ ਰੱਦ ਕੀਤਾ ਹੈ। ਮੰਡੀਵਾਦ ਦਾ ਨਾਕਾਰਾਤਮਕ ਪਾਸਾਰਾ, ਡਾਕਟਰੀ ਪੇਸ਼ੇ ਦੀ ਨਿਘਾਰਤਾ, ਮਨੁੱਖੀ ਮਨ ਦੀ ਸੰਵੇਦਨਸ਼ੀਲਤਾ, ਕਾਮਰੇਡੀ ਬੰਦੇ ਦੇ ਆਦਰਸ਼, ਔਰਤ ਵਿਹਾਰ ਵਿਚ ਆਇਆ ਮਰਦਾਉਪੁਣਾ, ਮਾਂ ਰਿਸ਼ਤੇ ਦਾ ਅਸਵੀਕ੍ਰਿਤ ਰੂਪ ਆਦਿ ਉਸ ਦੀਆਂ ਕਹਾਣੀਆਂ ਦੇ ਪ੍ਰਮੁੱਖ ਵਸਤੂ ਪਰਿਪੇਖ ਰਹੇ ਹਨ। ਕੁਲ ਮਿਲਾ ਕੇ ਸਾਕਾਰਾਤਮਕਤਾ ਉਸ ਦੀ ਰਚਨਾ ਦਾ ਵਿਸ਼ੇਸ਼ ਗਹਿਣਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਸੁਖਜੀਤ, ‘ਚੰਦਰੀ’, **ਹੁਣ ਮੈਂ ਇੰਜੁਆਏ ਕਰਦੀ ਆਂ**, ਪੰਨਾ-42.
2. ਸੁਖਜੀਤ, ‘ਬੰਦੇ ਕੌਣ ਖਾਂਦਾ ਹੈ?’, **ਅੰਤਰਾ**, ਪੰਨਾ-36.
3. ਡਾ.ਜੋਗਿੰਦਰ ਸਿੰਘ ਰਾਹੀ, ਡਾ.ਰਮਿੰਦਰ ਕੌਰ, **ਪੰਜਾਬੀ ਕਹਾਣੀ ਦਾ ਸਫ਼ਰ ਤੇ ਸ਼ਾਸਤ੍ਰ ਭਾਗ ਦੂਜਾ**, ਪੰਨਾ-73.
4. ਸੁਖਜੀਤ, ‘ਮੈਂ ਅਯਨਘੋਸ਼ ਨਹੀਂ’, **ਮੈਂ ਅਯਨਘੋਸ਼ ਨਹੀਂ**, ਪੰਨਾ-62.
5. ਡਾ. ਧਨਵੰਤ ਕੌਰ, **ਆਧੁਨਿਕ ਪੰਜਾਬੀ ਕਹਾਣੀ : ਬਿਰਤਾਂਤ ਸ਼ਾਸਤਰੀ ਅਧਿਐਨ**, ਪੰਨਾ-31.
6. ਡਾ. ਹਰਿਭਜਨ ਸਿੰਘ, **ਇਕ ਖ਼ਤ ਤੇਰੇ ਨਾਂ**, ਪੰਨਾ-107.
7. ਸੁਖਜੀਤ, ‘ਡਮਰੂ’, **ਹੁਣ ਮੈਂ ਇੰਜੁਆਏ ਕਰਦੀ ਆਂ**, ਪੰਨਾ-91.
8. ਸੁਖਜੀਤ, ‘ਹੁਣ ਮੈਂ ਇੰਜੁਆਏ ਕਰਦੀ ਆਂ’, **ਹੁਣ ਮੈਂ ਇੰਜੁਆਏ ਕਰਦੀ ਆਂ**, ਪੰਨਾ-76.
9. ਸੁਖਜੀਤ, ‘ਪਾਤਸ਼ਾਹ’, **ਹੁਣ ਮੈਂ ਇੰਜੁਆਏ ਕਰਦੀ ਆਂ**, ਪੰਨਾ-110.
10. ਸੁਖਜੀਤ, ‘ਮੱਥੇ ਦੇ ਵਲ਼’, **ਮੈਂ ਅਯਨਘੋਸ਼ ਨਹੀਂ**, ਪੰਨਾ-43.




ISSN : 2395-1273